SAJRE HANJU




GIANI SOHAN SINGH SITAL

ਤਤਕਰਾ

ਸੱਜਰੇ ਹੰਝੂ

ਮੇਰੀ ਪਿਆਰੀ ਬੋਲੀ
ਐ ਮਾਤ - ਪੰਜਾਬੀ
ਕੁਝ ਸੱਜਰੇ ਹੰਝੂ
ਇਹ ਤੇਰੀ ਭੇਟਾ

ਲੇਖਕ - ਗਿ. ਸੋਹਣ ਸਿੰਘ 'ਸੀਤਲ'



ਗਿਆਨੀ ਸੋਹਣ ਸਿੰਘ "ਸੀਤਲ"

ਤੇਰਾ ਦਰ

ਅੰਮ੍ਰਿਤ ਵੇਲੇ ਯਾਦ ਕਿਸੇ ਦੀ, ਆਪੂੰ ਮੁੜ ਮੁੜ ਆਵੇ
ਮੰਦਰ ਦੇ ਵਿਚ ਬੌਰਾ ਕੋਈ, ਬੈਠਾ 'ਆਸਾ' ਗਾਵੇ
ਤਾਰ, ਸਤਾਰ, ਸਤਾਰ ਕਿਸੇ ਦੀ, 'ਨਾਨਕ, ਨਾਨਕ' ਕਰਦੀ
ਅੰਮ੍ਰਿਤ ਬਾਣੀ ਕੰਨਾਂ ਰਾਹੀਂ, ਦਿਲ ਨੂੰ ਖਿੱਚਾਂ ਪਾਵੇ

ਖੁੱਲ੍ਹਾ ਦਰ ਹਰਦਮ, ਹਰ ਬਦਲੇ, ਹਰ ਕੋਈ ਆਵੇ ਜਾਵੇ
ਨਾ ਕੋਈ ਪੁੱਛੇ, ਨਾ ਕੋਈ ਹਟਕੇ, ਨਾ ਕੋਈ ਅਟਕਾਵੇ
ਚੰਗੇ-ਮੰਦੇ, ਬੁਰੇ-ਭਲੇ ਦੀ, ਸਭ ਦੀ ਹੋਏ ਸਮਾਈ
'ਨਾ ਕੋ ਬੈਰੀ ਨਹੀ ਬਿਗਾਨਾ' ਹਰ ਕੋਈ ਆਦਰ ਪਾਵੇ

ਇਕ ਅਦਨਾ ਕੰਗਲਾ ਮੰਦ-ਹਾਲਾ, ਰੋ ਰੋ ਨੂਰ ਗਵਾਇਆ
ਦਰ ਦਰ ਰੁਲ ਰੁਲ ਧੱਕੇ ਖਾ ਖਾ, ਇਸ ਦਰ ਆਖ਼ਰ ਆਇਆ

ਜਿਸ ਨੂੰ 'ਨੀਚ ਨੀਚ' ਕਹਿ ਕੋਈ, ਨੇੜੇ ਛੁਹਣ ਨਾ ਦੇਂਦਾ
ਇਸ ਮੰਦਰ ਦੇ ਵਾਸੀ ਉਸਨੂੰ, ਘੁੱਟ ਛਾਤੀ ਨਾਲ ਲਾਇਆ

੨੫-੧੦-੩੩ ਈ.

ਗੁਰੂ ਨਾਨਕ ਪਿਆਰੇ

ਬੀਤਿਆ ਹੁਨਾਲ, ਆਈ ਰੁੱਤ ਹੈ ਸਿਆਲੇ ਦੀ
ਠੰਢੀ ਠੰਢੀ ਪੌਣ ਨਾਲ ਲਹਿਰ ਪੈਂਦੀ ਪਾਲੇ ਦੀ
ਤਪਦੀ ਹੈ ਰਹਿੰਦੀ ਤਾਂ ਵੀ ਹਿੱਕ ਮਤਵਾਲੇ ਦੀ
ਸੀਨੇ ਵਿਚ ਗਰਮੀ ਹੈ ਖ਼ੂੰਨ ਦੇ ਉਬਾਲੇ ਦੀ
ਨੂਰੀ ਮੁਖ ਵਾਲੇ ! ਆਣ ਪ੍ਰੇਮ ਪਾਣੀ ਪਾਵਣਾ
ਨਾਨਕ ਪਿਆਰੇ ਗੁਰੂ ! ਸਾਡੇ ਅੱਜ ਆਵਣਾ

ਲੋਕੀਂ ਕਹਿੰਦੇ ਪੱਤ-ਝੜ, ਆਖਾਂ ਮੈਂ, ਬਹਾਰ ਆ
ਸੀਨੇ ਮੇਰੇ ਵਿਚ ਵੇਖ ਖਿੜੀ ਗੁਲਜ਼ਾਰ ਆ
ਬਿਰਹੋਂ ਦੀ ਭੱਠੀ, ਮੇਰਾ ਦਿਲ ਅੰਗਿਆਰ ਆ
ਨਹੀਂ ਜੀ. ਇਹ ਤਾਂ ਖਿੜੇ ਹੋਏ ਫੁੱਲ ਨੇ ਪਿਆਰਿਆ
ਸੱਧਰਾਂ ਦਾ ਹਾਰ ਅੱਜ ਤੇਰੇ ਗਲ ਪਾਵਣਾ
ਨਾਨਕ ਪਿਆਰੇ ਗੁਰੂ ! ਸਾਡੇ ਅੱਜ ਆਵਣਾ

ਸਾਡੀ ਪੈਲੀ ਵਿਚ ਮਾਹੀਆ, 'ਕੇਰਾਂ ਮੱਝੀਂ' ਚਾਰ ਜਾ
ਹਰੀ ਨੂੰ ਉਜਾੜ ਜਾ ਤੇ ਉੱਜੜੀ ਸੁਆਰ ਜਾ
ਡੁੱਬੀ ਜਾਂਦੀ ਬੇੜੀ ਭੋਲੇ ਜੱਟ ਦੀ ਵੀ ਤਾਰ ਜਾ
ਭੂਰੀ ਸੁੱਟ ਵਣ ਛਾਵੇਂ ਧੁੱਪ ਵੀ ਗੁਜ਼ਾਰ ਜਾ

ਸੱਪ ਤੋਂ ਕਰਾ ਕੇ ਛਾਇਆ, 'ਰਾਏ' ਭਰਮਾਵਣਾ
ਨਾਨਕ ਪਿਆਰੇ ਗੁਰੂ ! ਸਾਡੇ ਅੱਜ ਆਵਣਾ

'ਖਰੇ ਸੌਦੇ' ਕਰਨਿਆਂ ! ਜੇ ਬਾਪ ਘਰੋਂ ਮਾਰਿਆ ?
ਓਥੇ ਕੀ ਜਵਾਬ ਦੇਸੇਂ ? ਰੱਬ ਦੇ ਸੁਆਰਿਆ
ਚੱਲ, ਹੱਟ ਮੱਲ ਸੁਲਤਾਨ ਪੁਰ ਪਿਆਰਿਆ !
ਪ੍ਰੇਮ ਸੌਦਾ ਲੈਣੇ, ਹੱਟੀ ਖੁਹਲ ਵਣਜਾਰਿਆ !

ਤੇਰੀ ਹੱਟੀ ਆ ਕੇ ਅਸਾਂ ਘੱਟ ਨਾ ਲਿਜਾਵਣਾ
ਨਾਨਕ ਪਿਆਰੇ ਗੁਰੂ ! ਸਾਡੇ ਅੱਜ ਆਵਣਾ

ਏਧਰ ਨਾ ਜਾਵੀਂ, ਠੱਗ ਠੱਗ ਲਊਗਾ ਰਾਹੀਆ !
'ਸੱਜਣ' ਦੇ ਨਾਂ ਦੀ ਮੱਚੀ ਹੋਈ ਜੀ ਦੁਹਾਈ ਆ
ਕਈਆਂ ਸੱਜਣਾਂ ਨੇ ਪਤ ਓਸ ਤੋਂ ਲੁਹਾਈ ਆ
ਠੱਗਾਂ ਤਾਈਂ ਠੱਗਣਾ ਕੀ ਜਾਣਦਾ ਏਂ ? ਮਾਹੀਆ !

ਤਾਂ ਤਾਂ ਫਿਰ 'ਕੇਰਾਂ 'ਕੌਡੇ' ਵੱਲੇ ਵੀ ਹੋ ਜਾਵਣਾ
ਨਾਨਕ ਪਿਆਰੇ ਗੁਰੂ ! ਸਾਡੇ ਅੱਜ ਆਵਣਾ

ਝੱਲਿਆ ਜਾਵੇ ਦੁੱਖ ਭੁੱਖ ਹੈਂਸਿਆਰੀ ਦਾ
ਅੱਕ ਖਾਣੇ ਪੈ ਗਏ, ਇਹ ਸੁਆਦ ਤੇਰੀ ਯਾਰੀ ਦਾ
ਮਰ ਗਏ ਤਿਹਾਏ, ਕੇਹਾ ਦਿਲ ਹੈ ਕੰਧਾਰੀ ਦਾ
ਸੁੱਕ ਜਾਏ ਹੌਜ਼ ਰੱਬਾ ! ਵਲੀ ਦੀ ਅਟਾਰੀ ਦਾ

ਪੱਥਰਾਂ 'ਚੋਂ ਕੱਢ ਘੁੱਟ ਪਾਣੀ ਤਾਂ ਪਿਆਵਣਾ
ਨਾਨਕ ਪਿਆਰੇ ਗੁਰੂ ! ਸਾਡੇ ਅੱਜ ਆਵਣਾ

ਪੱਥਰਾਂ 'ਤੇ ਪੰਜਿਆਂ ਨੇ ਕੇਈ ਰੂਹਾਂ ਛਲੀਆਂ
ਤੇਰੀ ਯਾਦ ਵਿਚ ਕਧਾਂ ਅਜੇ ਤਕ ਖਲੀਆਂ
'ਤੂੰਹੀ ਤੂੰਹੀ' ਕਰਨ ਕਰਤਾਰ ਪੁਰ ਦੀ ਗਲੀਆਂ
ਰੇਠੇ ਹੇਠ ਸਿੱਧ ਬੈਠੇ ਪਾਵੰਦੇ ਨੇ ਜੱਲੀਆਂ
ਮਿੱਠੇ ਰੇਠਿਆਂ ਦਾ ਜ਼ਰਾ ਸੁਆਦ ਤਾਂ ਚਖਾਵਣਾ
ਨਾਨਕ ਪਿਆਰੇ ਗੁਰੂ ! ਸਾਡੇ ਅੱਜ ਆਵਣਾ

ਤੇਰੀਆਂ ਤਾਂ ਦੱਸਾਂ ਬਗ਼ਦਾਦ ਵਿਚ ਪੈਂਦੀਆਂ
'ਐਥੇ ਵੱਸੇ ਬਾਬਾ' ਕੰਧਾਂ ਮੱਕੇ ਦੀਆਂ ਕਹਿੰਦੀਆਂ
ਤੇਰੇ ਨੂਰ ਦੀਆਂ ਝਲਕਾਂ ਗੰਗਾ ਵਿਚ ਪੈਂਦੀਆਂ
ਲੁਕੀਆਂ ਲੁਕਾਈਆਂ ਕਰਾਮਾਤਾਂ ਨਾਹੀਂ ਰਹਿੰਦੀਆਂ
ਇਹ ਵੀ ਕਰਾਮਾਤ 'ਕੇਰਾਂ ਸਾਨੂੰ ਤਾਰ ਜਾਵਣਾ
ਨਾਨਕ ਪਿਆਰੇ ਗੁਰੂ ! ਸਾਡੇ ਅੱਜ ਆਵਣਾ

ਤੇਰੇ ਚੋਜ ਵੇਖ ਵੇਖ 'ਸੀਤਲ' ਦੀ ਅੱਖੀਆਂ
ਹੋਈਆਂ ਤੇਰੇ ਜੋਗੀਆਂ, ਨਾ ਰਹਿੰਦੀਆਂ ਨੇ ਰੱਖੀਆਂ
ਬਿਰਹੋਂ ਸੁਗਾਤਾਂ, ਇਹਨਾਂ ਦਿੱਤੀਆਂ, ਮੈਂ ਚੱਖੀਆਂ
ਮੋਹ ਲਿਆ ਏ ਮਨ ਤੇਰੀਆਂ ਨੂਰਾਨੀ ਅੱਖੀਆਂ
ਚਰਨ ਛੁਹਾ ਕੇ ਤਪੇ ਸੀਨੇ ਠੰਢ ਪਾਵਣਾ
ਨਾਨਕ ਪਿਆਰੇ ਗੁਰੂ ! ਸਾਡੇ ਅੱਜ ਆਵਣਾ

੧-੧੦-੩੧ ਈ.

ਕੁਰਬਾਨੀ ਦਾ ਜਨਮ

ਨਾ ਹੀ ਜਿਉਣ ਦੀ ਚਾਹ, ਨਾ ਮੌਤ ਦਾ ਡਰ
ਰਾਜ਼ੀ ਰਜ਼ਾ 'ਤੇ ਰੱਬ ਦੇ ਯਾਰ ਰਹਿੰਦੇ
ਦੁੱਖ, ਸੁੱਖ ਤੇ ਸੁਰਗ ਤੇ ਨਰਕ ਅੰਦਰ
ਦਰਸ਼ਨ ਯਾਰ ਦੇ ਦੇ ਤਲਬਗਾਰ ਰਹਿੰਦੇ
ਲਾਹ ਕੇ ਇਕ ਇਸ਼ਾਰੇ 'ਤੇ ਖੱਲ ਦੇਵਣ
ਭਾਣਾ ਮੰਨ ਕੇ ਯਾਰ ਅਨੁਸਾਰ ਰਹਿੰਦੇ
ਪਾ ਕੇ ਹੁਕਮ ਪਿਆਰੇ ਦੇ ਸੇਵਕਾਂ ਦਾ
ਜਿਉਂਦੇ ਸੜਨ ਦੇ ਲਈ ਤਿਆਰ ਰਹਿੰਦੇ

ਸੜਦੀ ਲੋਹ ਦੀ ਹਿੱਕ 'ਤੇ ਨੂਰ ਰੱਬੀ
ਤੱਕ ਕੇ, ਕਥਾ ਕੋਹਤੂਰ ਦੀ ਯਾਦ ਆਈ
ਲੰਬੂ ਸਿਰੋਂ ਉੱਚੇ ਹੋ ਕੇ ਨਿਕਲੇ ਜਾਂ
ਭੁੱਲੀ ਸੂਲੀ ਮਨਸੂਰ ਵੀ ਯਾਦ ਆਈ

ਕਿਸੇ ਸੁਹਲ ਨੇ ਤੱਤਿਆਂ ਰੇਤਿਆਂ ਨੂੰ
ਫੁੱਲ ਯਾਰ ਦੇ ਸਮਝ ਕੇ ਸਹਿ ਜਾਣਾ
ਸਿਦਕ ਵਾਲਿਆਂ, ਉਬਲਦੀ ਦੇਗ ਅੰਦਰ
ਸਮਝ ਗੋਦ ਪਿਆਰੇ ਦੀ ਬਹਿ ਜਾਣਾ
ਸਬਰ ਵਾਲਿਆਂ ਨੈਣਾਂ ਦੇ ਹੰਝੂਆਂ ਜਿਉਂ
ਭਰ ਕੇ ਛਾਲਿਆਂ ਫਿੱਸਣੋ ਰਹਿ ਜਾਣਾ
ਉਹਨਾਂ ਨਿੱਕਿਆਂ ਨਿੱਕਿਆਂ ਹੀਰਿਆਂ ਨੇ
ਨੂਰ ਲਾਲ ਦਾ ਵੇਖ ਕੇ ਛਹਿ ਜਾਣਾ

ਜ਼ੱਰੇ ਰੇਤ ਦੇ ਚਮਕਣੇ ਛਾਲਿਆਂ 'ਤੇ
ਮੋਤੀ ਜ਼ਰੀ 'ਤੇ ਖਿੱਲਰੇ ਰਾਣੀਆਂ ਦੇ
ਜਾਂ ਫਿਰ ਰਾਤ ਨੂੰ ਅੰਬਰੀ ਤਾਰਿਆਂ ਦਾ
ਵਿਚ ਡਲ੍ਹਕਣਾ ਛੰਭਾਂ ਦੇ ਪਾਣੀਆਂ ਦੇ

ਸੋਮਾਂ ਜ਼ਿੰਦਗੀ ਦਾ ਮੌਤ ਗੁਫਾ ਅੰਦਰ
ਕਿਸੇ ਲੱਭਿਆ ਰਾਵੀ ਦੀ ਧਾਰ ਵਿਚੋਂ
ਕਿਸੇ ਸੋਹਣੇ ਦੇ ਤੀਰ ਦੀ ਨੋਕ ਵਿਚੋਂ
ਕਿਸੇ ਪਿਆਰੇ ਦੀ ਤੇਗ ਦੇ ਵਾਰ ਵਿਚੋਂ
ਜਾ ਕੇ ਕਹੋ ਸਿਕੰਦਰ ਨੂੰ ਕਿਉਂ ਭਟਕੇ
ਚਾਨਣ ਮਿਲੂ ਨਾ ਧੁੰਧਲੀ ਗ਼ਾਰ ਵਿਚੋਂ
ਏਥੇ ਕੌਧਰੇ ਦੇ ਵਿਚੋਂ ਦੁੱਧ ਸਿੰਮੇ
ਅੰਮ੍ਰਿਤ ਬਰਸਦਾ ਖੰਡੇ ਦੀ ਧਾਰ ਵਿਚੋਂ

ਆ ਕੇ ਏਸ ਦਰਬਾਰ ਦੇ ਵਿਚ 'ਸੀਤਲ'
ਸ਼ਾਨ ਵਾਲਿਆਂ ਨੂੰ ਸ਼ਾਨ ਭੁੱਲ ਜਾਵੇ
ਸੱਤਾਂ ਪੀੜ੍ਹੀਆਂ ਦੀ ਜੱਦੀ ਬਾਦਸ਼ਾਹੀ
ਪਾਟੀ ਗੋਦੜੀ ਦੇ ਨਾਲ ਤੁੱਲ ਜਾਵੇ

ਆਪਣੇ ਸਬਰ-ਸੰਤੋਖ ਨੂੰ ਤੋਲ ਦਿਤਾ
ਪਿਆਰੇ ਰੱਬ ਦੇ ਜ਼ੁਲਮ-ਤਲਵਾਰ ਦੇ ਨਾਲ
ਜ਼ੋਰ, ਜਬਰ, ਹੰਕਾਰ 'ਤੇ ਫ਼ਤਹਿ ਪਾਈ
ਅੱਲਾਹ ਵਾਲਿਆਂ ਸ਼ਾਂਤੀ ਹਥਿਆਰ ਦੇ ਨਾਲ
ਕਿਲ੍ਹਾ ਵੈਰ-ਵਿਰੋਧ ਦਾ ਢਾਹ ਦਿਤਾ
ਰੱਬੀ ਨੂਰ ਨੇ ਪ੍ਰੇਮ ਪਿਆਰ ਦੇ ਨਾਲ
ਖ਼ੁਦੀ, ਦ੍ਵੈਤ, ਵਡੱਪ ਤੇ ਕਾਇਰਤਾ ਨੂੰ
ਰੁਹੜ ਛਡਿਆ ਰਾਵੀ ਦੀ ਧਾਰ ਦੇ ਨਾਲ

ਲਿਆ ਜਨਮ ਕੁਰਬਾਨੀ ਨੇ ਦੇਗ ਵਿਚੋਂ
ਤੇਗ਼ ਜ਼ੁਲਮ ਦੀ ਵਿਚੋਂ ਭਲਾਈ ਨਿਕਲੀ
'ਸੀਤਲ' ਜੀ ਇਕ ਉਲਟੀ ਤਾਸੀਰ ਵੇਖੀ
ਲੋਹ ਦੇ ਸਾੜ ਵਿਚੋਂ ਸੀਤਲਤਾਈ ਨਿਕਲੀ

੧੫-੬-੩੪

ਹਿੰਦ ਦੀ ਚਾਦਰ

ਯਾਦ ਰੜਕਦੀ ਏ ਅਤੇ ਰੜਕਦੀ ਰਹੂ
ਦਰਦੀ ਦਿਲਾਂ ਦੇ ਵਿਚ ਉਪਕਾਰ ਵਾਲੀ
ਵੱਸੇ ਨੇਤਰਾਂ ਵਿਚ ਤਸਵੀਰ ਹਰਦਮ
ਆਗੂ ਹਿੰਦ ਦੇ ਨੌਂਵੇਂ ਅਵਤਾਰ ਵਾਲੀ
ਇਕਧਰ ਕੂਕ ਸਤਾਇਆਂ ਦੀ ਪਵੇ ਕੰਨੀਂ
ਇਕਧਰ ਲਿਸ਼ਕਦੀ ਤੇਗ਼ ਸਰਕਾਰ ਵਾਲੀ
ਇਕਧਰ ਕੁੱਲ ਸੰਸਾਰ ਦੀਆਂ ਤਾਕਤਾਂ ਸੀ
ਇਕਧਰ ਜੋਤ ਸੀ ਇਕ ਕਰਤਾਰ ਵਾਲੀ

ਗੱਲਾਂ ਨਾਲ ਤਾਂ ਬਣਨ ਹਜ਼ਾਰ ਲੀਡਰ
ਔਖੀ ਬਣੀ 'ਤੇ ਸੁਣੇ ਫ਼ਰਿਆਦ ਕੋਈ
ਉੱਜੜੇ ਕਿਨ੍ਹਾਂ ਦੇ ਘਰ ਵਸਾਉਣ ਬਦਲੇ
ਝੁੱਗਾ ਆਪਣਾ ਕਰੇ ਬਰਬਾਦ ਕੋਈ

ਉਸ ਸਮੇਂ ਸੀ ਲੋੜ, ਜੋ ਜਾਨ ਦੇ ਕੇ
ਜਾਨ ਮੁਰਦਿਆਂ ਦੇ ਵਿਚ ਪਾ ਦੇਵੇ
ਬੁਝੀ ਸ਼ਮ੍ਹਾਂ ਆਜ਼ਾਦੀ ਦੀ ਫੇਰ ਮੁੜ ਕੇ
ਪਾ ਕੇ ਖ਼ੂਨ ਦਾ ਤੇਲ, ਜਗਾ ਦੇਵੇ
ਪਰਾਧੀਨਗੀ ਵਿਚ ਜਿਉਂਦੇ ਮੁਰਦਿਆਂ ਨੂੰ
ਮਰਨਾ ਜਿਉਂਦਿਆਂ ਵਾਂਗ ਸਿਖਾ ਦੇਵੇ
ਲੈ ਕੇ ਝੰਡਾ ਕੁਰਬਾਨੀ ਦਾ ਵਧੇ ਅੱਗੇ
ਸਾਰੇ ਦੇਸ ਦੀ ਕਾਇਆਂ ਪਲਟਾ ਦੇਵੇ

ਕਿਸੇ ਸੁਣੀ ਗ਼ਰੀਬਾਂ ਦੀ ਕੂਕ ਨਾ ਜਾਂ
ਨਾ ਕੋਈ ਡਿੱਗਿਆਂ ਦਾ ਮਦਦਗਾਰ ਬਣਿਆਂ
ਤਾਂ ਗ਼ੁਲਾਮ, ਨਿਮਾਣੇ, ਨਿਓਟਿਆਂ ਦਾ
ਜੱਗੋਂ ਧੱਕਿਆਂ ਦਾ ਤੂੰਹੇਂ ਯਾਰ ਬਣਿਆਂ

ਤੇਰੇ ਬਿਨਾਂ ਸੀ ਹਿੰਦ ਦਾ ਕੌਣ ਦਰਦੀ
ਦਰਦ-ਮੰਦ ਬਣ ਦਰਦ ਵੰਡਾ ਗਿਓਂ ਤੂੰ
ਦੁਖੀਆਂ ਵਾਸਤੇ ਆਪ ਸ਼ਹੀਦ ਹੋ ਕੇ
ਪਿੱਛੇ ਲਹਿਰ ਸ਼ਹੀਦੀ ਚਲਾ ਗਿਓਂ ਤੂੰ
'ਜੀਵੋ ਅਣਖ ਬਦਲੇ, ਮਰੋ ਅਣਖ ਬਦਲੇ',
ਖ਼ੂੰਨ ਡੋਹਲ ਕੇ ਪੂਰਨੇ ਪਾ ਗਿਓਂ ਤੂੰ
ਜਿਹੜੇ ਘਰੋਂ ਆਜ਼ਾਦੀ ਦੇ ਮਿਲਨ ਗੱਫੇ
ਉਹ ਕੁਰਬਾਨੀ ਦਾ ਬੂਹਾ ਵਿਖਾ ਗਿਓਂ ਤੂੰ

ਨਹੀਂ ਕੋਈ ਜਿਉਣ ਗ਼ੁਲਾਮ ਦਾ ਜੱਗ ਅੰਦਰ
ਕੋਈ ਗ਼ੁਲਾਮ ਦਾ ਧਰਮ-ਈਮਾਨ ਨਾਹੀਂ
ਐਵੇਂ ਮੁਰਦਿਆਂ ਦੀ ਮੌਤ ਮਰਨ ਨਾਲੋਂ
ਮਹਿੰਗਾ ਦੇਸ ਤੋਂ ਹੋਣ ਕੁਰਬਾਨ ਨਾਹੀਂ

ਨੌਂਵੇਂ ਗੁਰੂ ਦੇ ਸਿੱਖ ਅਖਵਾਉਣ ਵਾਲੇ
ਸਿੱਖਿਆ ਸਿੱਖ ਉਹਦੀ, ਖ਼ਬਰਦਾਰ ਹੋ ਜਾ
ਜਿਵੇਂ ਧਰਮ 'ਤੇ ਉਹ ਸ਼ਹੀਦ ਹੋਏ
ਓਵੇਂ ਮਰਨ ਦੇ ਲਈ ਤਿਆਰ ਹੋ ਜਾ
ਨਹੀਂਗਾ ਸਿੱਖ ਦਾ ਧਰਮ ਗ਼ੁਲਾਮ ਰਹਿਣਾ
ਆਪਣਾ ਫ਼ਰਜ਼ ਪਛਾਣ ਹੁਸ਼ਿਆਰ ਹੋ ਜਾ
ਲੱਤ ਮਾਰ ਗ਼ੁਲਾਮੀ ਦੀਆਂ ਚੂਰੀਆਂ ਨੂੰ
ਖੁੱਲ੍ਹੀ ਪੌਣ ਦਾ ਹੁਣ ਤਲਬਗਾਰ ਹੋ ਜਾ

ਏਸ ਨਿੱਤ ਦੀ ਸਹਿਕਦੀ ਜਾਨ ਨਾਲੋਂ
ਇੱਕੋ ਵਾਰ ਸਾਰਾ ਦੁੱਖ ਜਰਨ ਚੰਗਾ
'ਸੀਤਲ' ਏਸ ਗ਼ੁਲਾਮੀ ਦੇ ਜਿਉਣ ਨਾਲੋਂ
ਲੱਖਾਂ ਹਿੱਸੇ ਆਜ਼ਾਦੀ ਦਾ ਮਰਨ ਚੰਗਾ

੮-੧੨-੩੭

ਦਸਮੇਸ਼ ਗੁਰੂ ਤਾਰਦਾ

ਤਾਰ ਤਾਰ ਸਾਰੰਗੀ ਦੀ ਤਾਰਾਂ ਵਾਂਗ ਇਕ ਹੋ ਕੇ
ਤਾਰ ਤਾਰ ਕੂਕਾਂ, ਪਿਆਰਾ ਅਜੇ ਵੀ ਨਾ ਤਾਰਦਾ
ਤਾਰਦਾ ਨਾ ਠਾਰਦਾ ਪਿਆਰਦਾ ਪੁਚਕਾਰਦਾ ਨਾ
ਕਾਹਨੂੰ ਪਿਆ ਐਵੇਂ ਹੈ ਵਿਛੋੜੇ ਵਿਚ ਮਾਰਦਾ
ਦਰ ਦਰ ਭੌਂਦਿਆਂ ਨੇ ਦਰ ਮਸਾਂ ਲੱਭਿਆ ਏ
ਕਿੱਥੇ ਚਲੇ ਜਾਈਏ, ਛੱਡ ਦਰ ਦਿਲਦਾਰ ਦਾ
ਹਾਰ ਕੇ ਤੇ ਅਸੀਂ ਗਲ ਓਸ ਦੇ ਦੇ ਹਾਰ ਹੋਏ
ਹਾਰ ਲੱਥਾ ਜੱਗ ਤੇ ਉਹ ਅਜੇ ਵੀ ਨਾ ਹਾਰਦਾ
ਨੀਂਵੀਂ ਕੀਤੀ ਧੌਣ ਅਸਾਂ, ਅਜੇ ਵੀ ਨਾ ਵਾਰ ਕਰੇ
ਮੁੜ ਗਿਆ ਮੂੰਹ ਭਾਵੇਂ ਓਸਦੀ ਕਟਾਰ ਦਾ
ਐਵੇਂ ਤਾਂ ਨਹੀਂ ਵਾਰ ਵਾਰ ਵਾਰ ਕਰਨੋਂ ਝਿਜਕਦਾ ਉਹ
ਕੀਤਾ ਸਸੂ ਅੱਗੇ 'ਕੇਰਾਂ ਵਾਰ ਤਲਵਾਰ ਦਾ
ਮਾਰ ਕੇ ਜਿਵਾਲਣੇ ਪਏ ਸੀ ਉਹਨੂੰ ਫੇਰ ਆਪੇ
ਕੇਸਗੜ੍ਹ ਡਿੱਠਾ ਸੀ ਨਜ਼ਾਰਾ ਦਰਬਾਰ ਦਾ
ਇਕੋ ਵਾਰ ਵਾਰ ਕੀਤੇ, ਆਮ੍ਹੋ-ਸਾਹਵੇਂ ਵਾਰ ਹੋ ਗਏ
ਹਿੱਲਦਾ ਨਾ ਬੱਧਾ ਹੋਇਆ ਪੰਜਾਂ ਦੇ ਪਿਆਰ ਦਾ
ਵਾਰ ਵਾਰ ਵਿਚ ਵੀ ਹੈ ਹੁੰਦਾ ਮਤਭੇਦ ਬੜਾ
ਕਈਆਂ ਉਤੇ ਕੀਤੇ ਵਾਰ ਕਈਆਂ ਦੇ ਸਹਾਰਦਾ
ਉਹਦੇ ਉਤੇ ਵਾਰ ਕਰਨ ਵਾਲੇ ਹੀ ਨਸ਼ਾਨੇ ਬਣੇ
ਡਿੱਠਾ ਸੈਦ ਖ਼ਾਨ ਹਾਲ ਹਾਲ ਸੀ ਪੁਕਾਰਦਾ
ਆਏ ਜੋ ਸ਼ਕਾਰ ਕਰਨ, ਹੋਵੰਦੇ ਸ਼ਕਾਰ ਡਿੱਠੇ
ਵਾਹ ਓ ਸ਼ਕਾਰੀਆ, ਇਹ ਢੰਗ ਕੀ ਸ਼ਕਾਰ ਦਾ
ਪ੍ਰੇਮ ਦਿਆਂ ਫੱਟਿਆਂ ਦੇ ਨਿੱਤ ਅੱਲੇ ਘਾਹ ਰਹਿੰਦੇ
ਮੰਨ ਲਿਆ, ਮਿਲ ਜਾਂਦੇ ਫੱਟ ਤੇਜ਼-ਧਾਰ ਦਾ

ਆਵੇ ਇਤਬਾਰ ਨਾ, ਤਾਂ ਛਾਤੀ ਮੇਰੀ ਫੋਲ ਵੇਖੋ
ਫੱਟਿਆ ਪਿਆ ਏ ਦਿਲ ਓਸੇ ਦੀ ਕਟਾਰ ਦਾ
ਮੌਤ ਅਤੇ ਜ਼ਿੰਦਗੀ ਦੇ ਅੱਧ ਵਿਚ ਰਹਿਣਾ ਪਵੇ
ਏਹਾ ਹੈ ਸੁਆਦ ਓਸ ਬਾਂਕੇ ਦੇ ਪਿਆਰ ਦਾ
ਓਸ ਦਿਆਂ ਆਸ਼ਕਾਂ ਨਾਂ ਨਿਭਣ ਨਾ ਮਨਸੂਰ ਜਹੇ
ਥੱਕ ਖਲੋ ਬੱਸ ਲੈ ਕੇ ਇਕੋ ਝੂਟਾ ਦਾਰ ਦਾ
ਸਾਨੂੰ ਤਾਂ—ਬਈ !—ਏਸ ਤਰ੍ਹਾਂ ਆਉਂਦਾ ਸੁਆਦ ਨਾਹੀਂ
ਕਾਹਦੀ ਕੁਰਬਾਨੀ ? ਡਿੱਠਾ ਮੁੱਖ ਵੀ ਨਾ ਯਾਰ ਦਾ
ਛਾਤੀ ਵਿਚ ਛੇਕ ਹੋਵੇ, ਧਾਗੇ 'ਚ ਪਰੁੱਚਾ ਰਹਾਂ
ਕਿਆ ਚੰਗਾ ਹੋਵੇ ! ਹੋਵਾਂ ਫੁੱਲ ਉਹਦੇ ਹਾਰ ਦਾ
ਵੱਲ ਕੁਰਬਾਨੀ ਦਾ ਵੀ ਓਸੇ ਨੇ ਈ ਦੱਸਿਆ ਏ
ਤੋੜ ਦਿਤਾ ਮਾਣ ਜਿੰਨ੍ਹੇ ਮੁਗ਼ਲੀਆ ਸਰਕਾਰ ਦਾ
ਇਕ ਪੁੱਤ ਮਰੇ, ਜੱਗ ਰੋ ਰੋ ਫਾਵਾ ਹੋਂਵਦਾ ਏ
ਹੱਸ ਹੱਸ ਸੀ ਨਾ ਕੋਈ ਚਾਰੇ ਪੁੱਤ ਵਾਰਦਾ
ਪਾਲ ਪਾਲ ਹੱਥੀਂ ਸਾਡੇ ਉੱਤੋਂ ਕੁਰਬਾਨ ਕੀਤੇ
ਭੁੱਖ ਲਹਿੰਦੀ ਸੀ—ਜੀ,—ਮੁੱਖ ਵੇਖਿਆਂ ਜੁਝਾਰ ਦਾ
ਕੁੱਲ ਨਾਲੋਂ—ਆਖਦੇ ਨੇ—ਜਾਨ ਹੈ ਪਿਆਰੀ ਹੁੰਦੀ
ਵਾਰੇ ਪਿਆਰਾ ਜਾਨ ਅਵਤਾਰ ਉਪਕਾਰ ਦਾ
ਫੁੱਟ ਫੁੱਟ ਨਿਕਲੇ ਪਰੇਮ ਪ੍ਰੇਮ-ਭੌਰਿਆਂ ਲਈ
ਧਰਮ ਦੀ ਚਟਾਨ ਉੱਤੇ ਸੋਮਾ ਸੀ ਪਿਆਰ ਦਾ
ਸੱਚ ਜਾਣੋ, ਸਾਵੇਂ-ਸਾਵੀਂ ਸਿਰ ਤੋਂ ਵੀ ਹੋਵੇ ਜੇ, ਤਾਂ
ਤਾਂ ਵੀ ਮੁੱਲ ਥੋੜਾ ਓਸ ਪਿਆਰੇ ਦੇ ਦੀਦਾਰ ਦਾ
ਇਕ ਸੁਹਦੀ ਜਿੰਦੜੀ ਦੀ ਗੱਲ ਕੀ ਏ 'ਸੀਤਲ' ਜੀ
ਮੈਂ ਤਾਂ ਲੱਖ ਜਿੰਦਾਂ ਓਸ ਜਿੰਦੜੀ ਤੋਂ ਵਾਰਦਾ

੧੦-੧੨-੩੦

ਮਾਛੀਵਾੜੇ ਦੇ ਜੰਗਲ ਵਿਚ

ਰਾਹੀਆ ! ਚਿਰਾਂ ਦਿਆ ਸੁਤਿਆ, ਜਾਗ ਹੁਣ ਤਾਂ
ਦਿਲ ਉਛਲਦੈ ਵੇਖ ਇਹ ਹਾਲ ਤੇਰਾ
ਕੋਮਲ ਪੈਰਾਂ 'ਚ ਜ਼ਖ਼ਮ ਨੇ ਕੰਡਿਆਂ ਦੇ
ਜਾਮਾ ਭਿੱਜਿਆ ਲਹੂ ਦੇ ਨਾਲ ਤੇਰਾ
ਮੱਲ ਪਿਆ ਏਂ ਗੋਦ ਉਜਾੜ ਦੀ ਤੂੰ
ਜਿਵੇਂ ਮਾਂਉਂ ਨੂੰ ਭੁਲਿਆ ਖ਼ਿਆਲ ਤੇਰਾ
ਤੈਨੂੰ ਕੰਡਿਆਂ 'ਤੇ ਸੁੱਤਾ ਵੇਖ ਤੜਫੇ
ਬੀਤੇ ਦਿਨਾਂ ਦਾ ਵੱਡਾ ਇਕਬਾਲ ਤੇਰਾ

ਨੀਂਦਾਂ ਗੂੜ੍ਹੀਆਂ ਤੇਰੀਆਂ ਦਸਦੀਆਂ ਨੇ
ਇਹ ਵੀ ਮਿਲੀ ਤਰਸੇਵੇਂ ਦੀ ਥਾਂ ਤੈਨੂੰ
ਲਾਡੀਂ ਪਾਲਿਆ ! ਪਾਟ ਜੈ ਦਿਲ ਉਹਦਾ
ਜੇਕਰ ਅੱਜ ਵੇਖੇ ਤੇਰੀ ਮਾਂ ਤੈਨੂੰ

ਕੋਮਲ ਖ਼ਿਆਲ ਤੋਂ, ਸਿੱਕ ਤੋਂ ਸੋਹਣਿਆਂ ਵੇ
ਤੂੰ ਨਹੀਂ ਕੰਡਿਆਂ ਦੀ ਸੇਜੇ ਬਹਿਣ ਜੋਗਾ
ਤੇਰਾ ਨਰਮ ਸਰੀਰ ਤਾਂ—ਰੱਬ ਜਾਣੇ—
ਹੈਸੀ ਰੇਸ਼ਮਾਂ ਦੇ ਵਿਚ ਰਹਿਣ ਜੋਗਾ
ਧਰਮ-ਆਤਮਾ, ਸੁੱਖਾਂ ਦਿਆ ਦਾਤਿਆ ਵੇ
ਨਹੀਂ ਸੈਂ ਦੁੱਖਾਂ ਦੇ ਵਹਿਣ ਵਿਚ ਵਹਿਣ ਜੋਗਾ
ਤੂੰ ਤਾਂ ਦੁੱਖ ਨੂੰ ਸੁਖ ਕਰ ਜਾਣਦਾ ਏਂ
ਮੇਰਾ ਦਿਲ ਨਹੀਂ ਵੇਖ ਕੇ ਸਹਿਣ ਜੋਗਾ

ਟੁੱਟੇ ਹਾਰ ਦੇ ਮੋਤੀਆਂ ਵਾਂਗ ਸਾਹਿਬਾ !
ਇੱਕ ਇੱਕ ਹੋ ਗਏ ਸਾਰੇ ਲਾਲ ਤੇਰੇ
ਮਿਲੀ ਦਾਤ ਇਕੱਲ ਤੇ ਦਰਦ ਤੈਨੂੰ
ਬਣੇ ਦੁੱਖ ਪੱਕੇ ਭਾਈਵਾਲ ਤੇਰੇ

ਇਹਨਾਂ ਦੁੱਖਾਂ ਦੀਆਂ ਸਖ਼ਤ ਹਨ੍ਹੇਰੀਆਂ ਵਿਚ
ਚਾਨਣ ਸਬਰ ਦਾ ਅਜੇ ਵੀ ਝਲਕਦਾ ਏ
ਕੋਮਲ ਬੁੱਲ੍ਹੀਆਂ 'ਤੇ ਮੁਸਕਰਾਹਟ ਓਵੇਂ
ਚੰਦ ਮੁੱਖੜੇ ਤੇ ਨੂਰ ਡਲ੍ਹਕਦਾ ਏ
ਦਿਲ ਦੀ ਧੜਕਨਾ ਸੀਨੇ ਦਾ ਜੋਸ਼ ਦੱਸੇ
ਉਮਡ ਉਮਡ ਪੈਂਦਾ ਪਿਆਰ ਖ਼ਲਕ ਦਾ ਏ
ਕੌਤਕ ਵੇਖ ਇਹ ਖੁਸ਼ੀ ਤੇ ਦਰਦ ਮਿਲਵਾਂ
ਮੇਰੀ ਅੱਖੀਆਂ ਵਿਚ ਨੀਰ ਛਲਕਦਾ ਏ

ਸ਼ੇਰਾ ਸੁੱਤਿਆ ! ਅਜੇ ਵੀ ਤੇਗ਼ ਤੇਰੀ
ਪਈ ਵਿਚ ਮਿਆਨ ਦੇ ਫਰਕਦੀ ਏ
ਜਦੋਂ ਰੋਹ ਵਿਚ ਹਿੱਲੇ ਕਮਾਨ ਤੇਰੀ
ਅਰਸ਼ ਕੰਬਦਾ ਏ, ਦੁਨੀਆਂ ਥਰਕਦੀ ਏ

ਉੱਠ ਉੱਠ ਮਾਹੀਆ ! ਜੰਗਲ ਜੂਹ ਬੇਲੇ
ਜਿਨ੍ਹਾਂ ਵਿਚ ਸੁਤੈਂ ਤੇਰੀ ਸ਼ਾਨ ਦੇ ਨਹੀਂ
ਤੇਰੇ ਹਿੱਸੇ ਸੀ ਵਾਸ ਆਨੰਦ ਪੁਰ ਦਾ
ਬੰਜਰ ਲਾਇਕ ਇਹ ਤੇਰੇ ਮਕਾਨ ਦੇ ਨਹੀਂ
ਦੂਰ ਵਸੋਂ ਤੋਂ ਵਾਸ ਪੰਖੇਰੂਆਂ ਦਾ
ਰਹਿਣ ਜੋਗ ਇਹ ਥਾ ਇਨਸਾਨ ਦੇ ਨਹੀਂ
ਸੁਹਲ ਫੁੱਲਾਂ ਤੋਂ ਜਾਨ ਮਲੂਕ ਤੇਰੀ
ਕੰਡੇ ਸਖ਼ਤ ਦਿਲ ਇਹ ਕਦਰਾਂ ਜਾਨਦੇ ਨਹੀਂ

ਹੱਛਾ ! ਹੋਰ ਸੌਂ ਲੈ ਘੜੀ ਪਾਂਧੀਆ ਵੇ
ਮੈਂ ਵੀ ਬੈਠਦਾ ਹਾਂ ਤੇਰੀ ਯਾਦ ਅੰਦਰ
ਹੈ ਇਸ ਨੀਂਦ ਦੇ ਵਿਚ ਵੀ ਭੇਤ ਰੱਬੀ
'ਸੀਤਲ' ਭੰਗ ਨਾ ਪਵੇ ਸੁਆਦ ਅੰਦਰ

੨-੧-੩੩ ਈ.

ਟੁੱਟੀ ਗੰਢੀ

"ਮੇਰੇ ਲਾਡਲੇ, ਲਾਲ, ਦੁਲਾਰਿਓ ਓ !
ਜੋ ਕੁਝ ਕਹੇਂ, ਸੋ ਹੁਣੇ ਭੁਗਤਾ ਦੇਵਾਂ
ਬਾਕੀ ਚਾਹ ਹੈ ਜੇ ਦੁਨੀਆਂ ਵੇਖਣੇ ਦੀ
ਆਏ ਕਾਲ ਨੂੰ ਪਿਛਾਂ ਪਰਤਾ ਦੇਵਾਂ
ਜੇਕਰ ਕਹੇਂ, ਜਹਾਨ ਦਾ ਰਾਜ ਬਖ਼ਸ਼ਾਂ
ਜੇਕਰ ਕਹੇਂ, ਤਾਂ ਸੁਰਗ ਪੁਚਾ ਦੇਵਾਂ
ਰਿੱਧੀਆਂ, ਸਿੱਧੀਆਂ, ਨਿੱਧੀਆਂ ਚਰਨ ਚੁੰਮਣ
ਜੀਵਨ-ਮੁਕਤ ਉਲਿਆ ਬਣਾ ਦੇਵਾਂ

ਮੇਰੇ ਪ੍ਰੇਮ ਨੂੰ ਸੀਸ ਦੇ ਜਿੱਤਿਐ ਤੂੰ
ਉੱਚੀ ਨਹੀਂ ਕੋਈ ਵਸਤ ਪਿਆਰ ਨਾਲੋਂ
ਤੇਰੇ ਮੇਰੇ ਵਿਚ ਫ਼ਰਕ ਨਾ ਰਿਹਾ, ਬੇਟਾ !
ਪਿਆਰਾ ਲਗਦੈਂ ਮੈਨੂੰ ਜੁਝਾਰ ਨਾਲੋਂ ।"

ਮਹਾਂ ਸਿੰਘ ਹੱਥ ਜੋੜ ਕੇ ਕਿਹਾ ਅੱਗੋਂ
"ਹੋਰ ਜਿਉਣ ਦੀ ਪਿਤਾ ਜੀ, ਲੋੜ ਨਾਹੀਂ
ਬਾਕੀ ਚਾਹ ਨਹੀਂ ਰਾਜ ਹਕੂਮਤਾਂ ਦੀ
ਤੇਰੀ ਗੋਦ ਵਿਚ ਸੁਰਗ ਦੀ ਥੋੜ ਨਾਹੀਂ
ਤੇਰੀ ਧੂੜ ਵਿਚ ਪੀਰੀਆਂ ਵਸਦੀਆਂ ਨੇ
ਰਿੱਧੀਆਂ, ਸਿੱਧੀਆਂ ਦਾ ਏਥੇ ਮੋੜ ਨਾਹੀਂ

ਫੇਰ ਮਾਇਆ ਦੇ ਬੰਧਨਾਂ ਵਿਚ ਪਾ ਕੇ
ਚਰਨਾਂ ਨਾਲ ਲੱਗੀ ਪ੍ਰੀਤੀ ਤੋੜ ਨਾਹੀਂ

ਤੇਰੇ ਜਿਹਾ ਮੈਨੂੰ ਨਾਹੀਂ ਹੋਰ ਕੋਈ
ਸਾਰਾ ਵੇਖਿਆ ਮੈਂ ਜਗਤ ਹੰਢ ਦਾਤਾ
ਤੇ ਜੇ ਤੁੱਠਾ ਏਂ ਮੰਨ ਅਰਦਾਸ ਮੇਰੀ
ਟੁੱਟੀ ਗੰਢ ਦਾਤਾ, ਟੁੱਟੀ ਗੰਢ ਦਾਤਾਂ।"

ਸੁਣ ਇਹ ਵਾਕ ਮਹਾਰਾਜ ਨੇ ਕਿਹਾ ਅੱਗੋਂ
"ਤੇਰੀ ਸਿੱਖੀ ਤੋਂ ਮੈਂ ਬਲਿਹਾਰ ਸਿੰਘਾ!
ਆਹ ਲੈ, ਤੇਰੀਆਂ ਅੱਖੀਆਂ ਸਾਮ੍ਹਣੇ ਮੈਂ
ਟੋਟੇ ਕਰਾਂ ਬੇ-ਦਾਅਵੇ ਦੇ ਚਾਰ ਸਿੰਘਾ!
ਜਦ ਤਕ ਕਾਇਮ ਇਤਿਹਾਸ ਜਹਾਨ ਅੰਦਰ
ਯਾਦ ਰਹੇਗਾ ਤੇਰਾ ਉਪਕਾਰ, ਸਿੰਘਾ!
ਚੜ੍ਹ ਕੇ ਸਿਖ਼ਰ ਪ੍ਰੇਮ ਦੇ ਆਪ ਤਰਿਓਂ
ਬੇੜ ਕਈਆਂ ਦੇ ਚੱਲਿਐਂ ਤਾਰ ਸਿੰਘਾ!

ਤੇਰੇ ਨਾਲ ਜੋ ਹੋਏ ਸ਼ਹੀਦ 'ਸੀਤਲ'
ਲੋਕੀਂ ਇਹਨਾਂ ਤਾਈਂ ਮੁਕਤੇ ਕਹਿਣਗੇ ਜੀ
ਤੇਰੀ ਏਸ ਕੁਰਬਾਨੀ ਦੀ ਯਾਦ ਅੰਦਰ
ਭੌਣ ਏਸ ਥਾਂ ਪਰਸਦੇ ਰਹਿਣਗੇ ਜੀ।"

੪-੧-੩੭

ਦੀਦਾਰ ਹੋਵੇ

ਵਾਰ ਵਾਰ ਹੋਵੇ ਵਾਰ ਵਾਰ ਉੱਤੇ
ਮੇਰਾ ਗਲਾ ਤੇ ਤੇਰੀ ਤਲਵਾਰ ਹੋਵੇ
ਐਸਾ ਵਾਰ ਹੋਵੇ, ਆਰ ਪਾਰ ਹੋਵੇ
ਪਾਰ ਵਾਰ ਹੋਵੇ ਤੇ ਦੁਸਾਰ ਹੋਵੇ
ਲਾਉਂਦੀ ਤਾਰੀਆਂ ਫਿਰੇ ਤਲਵਾਰ ਤੇਰੀ
ਮੇਰੇ ਖ਼ੂੰਨ ਦੀ ਚੱਲਦੀ ਧਾਰ ਹੋਵੇ
ਜਿਵੇਂ 'ਪੰਜਾਂ' ਨੂੰ ਕੇਸਗੜ੍ਹ ਦਰਸ਼ ਹੋਇਆ
'ਕੇਰਾਂ ਮੈਨੂੰ ਵੀ ਓਵੇਂ ਦੀਦਾਰ ਹੋਵੇ

ਮੇਰਾ ਸੀਸ ਹੋਵੇ ਚਰਨ-ਭੇਟ ਤੇਰੀ
ਪਰਸਾਂ ਚਰਨ ਤੇਰੇ ਏਹੋ ਚਾਹ ਮੇਰੀ
ਜਾਨ ਕੱਢ ਕੇ ਨਵੇਂ ਪਰਾਣ ਪਾਵੇਂ
ਹੈ ਪਰਤੱਖ, ਗੁਰੂਆ ! ਕਰਾਮਾਤ ਤੇਰੀ

ਵਾਰ ਵਾਰ ਹੋਵਾਂ, ਕੇਈ ਵਾਰ ਹੋਵਾਂ
ਮਰ ਕੇ ਹੋਵਾਂ ਜ਼ਿੰਦਾ ਤੇਰੇ ਵਾਰ ਬਦਲੇ
ਬਾਂਹ ਉੱਲਰੀ ਰਹਿ ਤੇਰੀ ਵਾਰ ਬਦਲੇ
ਮੇਰੀ ਝੁਕੀ ਰਹਿ ਧੌਣ ਤਲਵਾਰ ਬਦਲੇ
ਪਹਿਲਾ ਕੱਟਿਆ ਜਾਏ, ਤਾਂ ਹੋਰ ਨਿਕਲੇ
ਸੀਸ ਦੇਹ 'ਚੋਂ ਨਵਾਂ ਸਰਕਾਰ ਬਦਲੇ
ਵਾਰ ਵਾਰ ਇਹ ਜਾਨ ਕੁਰਬਾਨ ਹੋਵੇ
ਜੋ ਕੁਛ ਹੋਵੇ, ਹੋਵੇ ਤੇਰੇ ਪਿਆਰ ਬਦਲੇ

ਏਸ ਖ਼ੂੰਨ ਵਿਚ ਪਾਪ ਨਹੀਂ, ਪੁੰਨ ਹੀ ਹੈ
ਮਾਰ ਮਾਰ ਕੇ ਫੇਰ ਜਵਾਲ ਮੈਨੂੰ
ਐਪਰ ਮੂਸਾ ਨੇ ਵੇਖੀ ਜੋ ਤੂਰ ਉੱਤੇ
'ਕੇਰਾਂ ਓਹੋ ਜਹੀ ਝਲਕ ਵਿਖਾਲ ਮੈਨੂੰ

ਤੇਰੀ ਤੇਗ ਦੀ ਧਾਰ ਵਿਚ ਨਸ਼ਾ ਹੈ ਉਹ
ਜਿਹੜਾ ਪੀਤਾ ਸੀ 'ਪੰਜਾਂ ਪਿਆਰਿਆਂ' ਨੇ
ਜੀ! ਉਹ ਐਵੇਂ ਤਾਂ ਵਾਰਦੇ ਸੀਸ ਨਹੀਂ ਸਨ
ਮੋਹ ਲਿਆ ਸੀ ਤੇਰੇ ਇਸ਼ਾਰਿਆਂ ਨੇ
ਸੀਸ ਸੀਸ ਉੱਤੇ ਬਿਨਾਂ ਫੀਸ ਦਿੱਤੇ
ਪ੍ਰੇਮ-ਰੱਤਿਆਂ, ਨੈਣਾਂ ਦੇ ਤਾਰਿਆਂ ਨੇ
ਖ਼ਬਰੇ ਮਰਨ ਵਿਚ ਕੇਹਾ ਸੁਆਦ ਆਇਆ ?
ਕੀਤੀ 'ਸੀ' ਨਾ ਤੇਰਿਆਂ ਮਾਰਿਆਂ ਨੇ

ਬੇ-ਸ਼ੱਕ ਸੀਸ ਲੈ ਲੈ, ਬਿਨਾਂ ਫੀਸ ਲੈ ਲੈ
ਓਵੇਂ ਮੰਗ ਕੇ ਭਰੇ ਦੀਵਾਨ ਅੰਦਰ
ਓਸੇ ਤਰ੍ਹਾਂ ਪਰ ਰਹਿਮਤਾਂ ਵਾਲਿਆ ਓ !
ਦਿਹ ਦੀਦਾਰ ਸਜ ਕੇ ਆਨ ਸ਼ਾਨ ਅੰਦਰ

'ਕੇਰਾਂ ਮਾਰੇਂ ਤਾਂ ਮਰਨ ਤੋਂ ਛੁੱਟ ਜਾਈਏ
ਅੱਗੇ ਮਰੇ ਪਏ ਆ ਕੇਈ ਵਾਰ ਮਰ ਮਰ
ਸਾਰੀ ਉਮਰ ਮਰਦੇ ਮਰਦੇ ਮਰ ਲੱਥੇ
ਫਿਰਦੇ ਭਾਲਦੇ ਤੈਨੂੰ ਦਿਲਦਾਰ ਦਰ ਦਰ
ਲੱਥਾ ਮਰਨ ਦਾ ਡਰ, ਤਾਂ 'ਮਰਨ' ਕਿੱਥੇ ?
ਮਰਦੇ ਪਏ ਸਾਂ ਐਵੇਂ ਹੀ ਯਾਰ ਡਰ ਡਰ
ਤੇਰੀ ਤੇਗ ਜਿਹਾ ਕਿਤੇ ਸੁਆਦ ਨਾਹੀਂ
ਅਸਾਂ ਵੇਖ ਲਿਆ ਏ ਕੇਈ ਵਾਰ ਮਰ ਮਰ

'ਸੀਤਲ' ਜਿਊਂਦਿਆਂ ਤੋਂ ਚੰਗੇ ਮਰਨ ਵਾਲੇ
ਮਰਨ ਵਿਚ ਹੀ ਜੇਕਰ ਦੀਦਾਰ ਹੋਵੇ
ਹਾਂ, ਦੀਦਾਰ ਹੋਵੇ, ਜਾਂਦੀ ਵਾਰ ਹੋਵੇ
ਤੇ ਛੁਟਕਾਰ ਹੋਵੇ, ਬੇੜਾ ਪਾਰ ਹੋਵੇ

੬-੧੨-੩੦

ਖੰਡੇ ਦੀ ਕਰਾਮਾਤ

ਮੌਤ ਜ਼ਿੰਦਗੀ ਦਾ ਕੀ ਸੁਆਲ ਓਥੇ ?
ਜਿੱਥੇ ਨਸ਼ੇ ਸ਼ਹਾਦਤ ਦੇ ਚੜ੍ਹੇ ਹੋਵਣ
ਉਹਨਾਂ ਜੱਗ ਨਾਂ ਵੰਡ ਵਿਹਾਰ ਕਾਹਦਾ ?
ਜਿੰਨ੍ਹਾਂ ਨਾਗ ਪ੍ਰੇਮ ਦੇ ਲੜੇ ਹੋਵਣ
ਨੱਸ ਜਾਵਣਾ ਕਿੱਧਰ ਤਲਵਾਰ ਹੇਠੋਂ ?
ਜਿਹੜੇ ਪ੍ਰੇਮ-ਗੁਨਾਹ ਵਿਚ ਫੜੇ ਹੋਵਣ
ਪਾਲਾਂ ਬੰਨ੍ਹ ਪਿਆਰੇ ਦੇ ਦਰ ਉਤੇ
ਧੌਣਾਂ ਇਉਂ ਝੁਕਾਇਕੇ ਖੜੇ ਹੋਵਣ

ਅੱਗੋਂ ਪਾਰਖੂ ਵੀ ਕਿਹੜੀ ਘੱਟ ਕਰਦੇ
ਵੇਖਣ ਆਸ਼ਕਾਂ ਤਾਂਈਂ ਅਜ਼ਮਾਇ ਕੇ ਤੇ
ਦੇਵਣ ਫੇਰ ਖ਼ਿਤਾਬ 'ਪਿਆਰਿਆਂ' ਦਾ
ਪਹਿਲਾਂ ਤੇਗ ਦੀ ਧਾਰ ਲੰਘਾਇ ਕੇ ਤੇ

ਸੇਜ ਫੁੱਲਾਂ ਦੀ ਵਿਚ ਸੁਆਦ ਨਾਹੀਂ
ਜੇਹੀ ਮੌਜ ਤਲਵਾਰ ਦੀ ਧਾਰ ਉੱਤੇ
ਸੁੱਖ ਕੁੱਲ ਜਹਾਨ ਦੇ ਵੇਖ ਕੇ ਹੀ
ਚੜ੍ਹਿਆ ਫੇਰ ਮਨਸੂਰ ਸੀ ਦਾਰ ਉੱਤੇ
ਜਿੰਨ੍ਹਾਂ ਪਿਆਰੇ ਦੀ ਤੇਗ ਦੇ ਵਾਰ ਝੱਲੇ
ਸੀਸ ਵਾਰ, ਰਹੇ ਫੇਰ ਵੀ ਵਾਰ ਉੱਤੇ

ਆਸ਼ਕ ਪ੍ਰੇਮ ਦੇ ਨਸ਼ੇ ਵਿਚ ਚੂਰ ਹੋਏ
ਖੇਡਣ ਹਾਲ ਤਲਵਾਰ ਦੀ ਧਾਰ ਉੱਤੇ
ਕਿੱਥੇ ਜੱਗ ਦੇ ਭੋਗ ਪਦਾਰਥਾਂ ਵਿਚ
ਆਇਆ ਨਸ਼ਾ ਜੋ ਬੰਦ ਕਟਾਨ ਅੰਦਰ
ਗੁਰਾਂ ਦਸ ਦਿਤਾ ਸਾਰੇ ਜੱਗ ਤਾਈਂ
ਜੋ ਆਨੰਦ ਸੀ ਪੁੱਤ ਕੁਹਾਨ ਅੰਦਰ

ਹਰੀ ਚੰਦ ਨਾ ਮਰਦਿਆਂ ਵਾਰ ਪੁਛਿਆ
ਲੜੇ ਮਾਹੀ ਦੇ ਤੀਰ ਭੁਜੰਗ ਬਣ ਕੇ
ਸੈਦ ਖ਼ਾਨ ਨਾ ਮੋਇਆ, ਨਾ ਰਿਹਾ ਜਿਉਂਦਾ
ਘਾਇਲ ਕਰ ਗਏ ਬਚਨ ਤੂਫੰਗ ਬਣ ਕੇ
ਜਦੋਂ ਤੇਗ਼ ਕੁਰਬਾਨੀ ਦੀ ਸ਼ਮ੍ਹਾਂ ਬਾਲੀ
ਡਿੱਗੇ ਕਈਆਂ ਦੇ ਸੀਸ ਪਤੰਗ ਬਣ ਕੇ
ਅੱਗੇ ਤੀਰਾਂ ਦੇ 'ਬੰਦੇ' ਜਹੇ ਬੀਰ ਹਾਰੇ
ਢੱਠੇ ਚਰਨਾਂ 'ਤੇ ਦਰ ਦੇ ਮਲੰਗ ਬਣ ਕੇ
ਵਾਹ ਓ ਪਿਆਰਿਆ ! ਤੇਰੀ ਕਮਾਨ ਅੰਦਰ
ਸ਼ਾਹ ਮਵੱਕਲਾਂ, ਬੀਰਾਂ ਦੇ ਬੀਰ ਸਨ ਕੋਈ ?
ਤੇਰੇ ਤੀਰਾਂ ਦੇ 'ਚਰਜ ਹੀ ਖੇਲ ਡਿੱਠੇ
ਤੀਰਾਂ ਵਾਲਿਆ ! ਤੇਰੇ ਉਹ ਤੀਰ ਸਨ ਕੋਈ ?

ਓਦੋਂ ਅੰਮ੍ਰਿਤ ਦਾ ਅਸਲ ਆਨੰਦ ਆਇਆ
ਜਦੋਂ ਤੇਗ਼ ਦੀ ਧਾਰ ਅਸਵਾਰ ਹੋਏ
ਓਦੋਂ ਸਿੱਖ ਕੁਰਬਾਨੀ ਦੀ ਮੌਜ ਵੇਖੀ
ਜਦੋਂ ਤੀਰ ਸਰੀਰ 'ਚੋਂ ਪਾਰ ਹੋਏ
ਲਾਲੀ ਚੜ੍ਹੀ 'ਅਜੀਤ' ਦੇ ਮੁੱਖ ਉੱਤੇ
ਜਦੋਂ ਜੰਗ ਵਿਚ ਸਾਮ੍ਹਣੇ ਵਾਰ ਹੋਏ
ਮੌਤ ਨਦੀ ਤੋਂ ਪਾਰ ਦਿਲਦਾਰ ਦਿੱਸਿਆ
ਤਾਹੀਏਂ ਤੇਗ਼ ਦੀ ਭੇਟ 'ਜੁਝਾਰ' ਹੋਏ

ਤਲੀ ਸੀਸ ਧਰ, ਪਿਆਰੇ ਦੀ ਗਲੀ ਵੜਿਆ
ਮਾਣੀ ਦੀਪ ਸਿੰਘ ਮੌਜ ਪਿਆਰ ਦੀ ਏ
ਪੰਜ ਘੁੱਟ ਖੰਡੇ ਦੇ ਪਾਣੀ ਦਾ ਅਸਰ ਸੱਭੋ
ਬਰਕਤ ਬਾਣੀ, ਦੀ ਮਿਹਰ ਕਰਤਾਰ ਦੀ ਏ

ਨਿਉਂ ਨਿਉਂ ਮੌਤ ਸ਼ਹੀਦਾਂ ਦੇ ਚਰਨ ਚੁੰਮੇ
ਰਹਿੰਦੀ ਖਲੀ ਸ਼ਹਾਦਤ ਦੇ ਜਾਮ ਭਰ ਕੇ
ਤੇਰੀ ਸਾਕੀਆ ! ਕੀ ਪਰਵਾਹ ਉਹਨਾਂ ?
ਪੀਤੇ ਵਾਹਦਤ ਦੇ ਜਿੰਨ੍ਹਾਂ ਡਰਾਮ ਭਰ ਕੇ
ਪ੍ਰੀਤਮ ਜਿੰਨ੍ਹਾਂ ਨੂੰ 'ਕੇਰਾਂ ਨੁਹਾ ਦਿਤਾ
ਬੀਰ ਰਸ ਦੇ ਗਰਮ ਹਮਾਮ ਭਰ ਕੇ
ਮੈਲ ਜ਼ਿੰਦਗੀ ਦੀ ਸਾਰੀ ਦੂਰ ਹੋ ਗਈ
ਬੈਠੇ ਮੌਤ ਤੋਂ ਪਰੇ ਮੁਕਾਮ ਕਰ ਕੇ

ਉਹਨਾਂ ਸੁਰਗ ਦੀ ਲੋੜ ਨਾ ਰਹੀ ਕੋਈ
ਮੁਕਤੀ ਜਿੰਨ੍ਹਾਂ ਦੀ ਖਲੀ ਗ਼ੁਲਾਮ ਹੋ ਕੇ
ਜਿੰਨ੍ਹਾਂ ਆਪਣੇ ਆਪ ਨੂੰ ਪਾ ਲਿਆ ਏ
'ਸੀਤਲ' ਜੱਗ ਤੇ ਫਿਰਨ ਗੁੰਮਨਾਮ ਹੋ ਕੇ

੧੫-੧੨-੩੦ ਈ.

ਮਾਤਾ ਗੁਜਰੀ ਜੀ ਸ਼ਹੀਦ

ਮੋਤੀ ਭੱਜਿਆ ਭੱਜਿਆ ਬੁਰਜ ਵੱਲੇ
ਸਾਰੀ ਕਥਾ ਮਾਤਾ ਨੂੰ ਸੁਨਾਨ ਆਇਆ
ਉਹਦੇ ਸੁਹਲ ਲਡਿੱਕੇ ਜਹੇ ਪੋਤਿਆਂ ਦੇ
ਵੱਡੇ ਹੌਂਸਲੇ ਕਰਨ ਬਿਆਨ ਆਇਆ
ਨਦੀਆਂ ਖ਼ੂਨ ਦੀਆਂ ਵਹਿੰਦੀਆਂ ਵੇਖ ਅੱਖੀਂ
ਵਿਚ ਤਰਦੀਆਂ ਰੂਹਾਂ ਵਿਖਾਨ ਆਇਆ
ਹੈਸੀ ਸ਼ਾਂਤ ਹਿਰਦਾ 'ਸੀਤਲ' ਵਾਂਗ ਭਾਵੇਂ
ਸੀਨੇ ਧੁਖਦਿਆਂ ਦੇ ਲੰਬੂ ਲਾਨ ਆਇਆ

ਆਉਂਦਾ ਮਾਤਾ ਦੇ ਚਰਨਾਂ 'ਤੇ ਸੀਸ ਧਰ ਕੇ
ਕੇਰ ਗਰਮ ਹੰਝੂ ਛਾਲੇ ਪਾਨ ਲੱਗਾ
ਡਾਢੇ ਜ਼ੁਲਮ ਤੇ ਸਬਰ ਦੀ ਵਾਰਤਾ ਨੂੰ
ਰੋਇ ਰੋਇਕੇ, ਇਉਂ ਸੁਣਾਨ ਲੱਗਾ

"ਮਾਤਾ ! ਕਿੰਨ੍ਹਾਂ ਨੂੰ ਬੈਠੀ ਉਡੀਕਦੀ ਏਂ !
ਤੇਰੇ ਲਾਲ ਦੇ ਲਾਲ ਦੁਲਾਰੇ ਲੁਕ ਗਏ
ਤੇਰੇ ਜਿਗਰ ਦੇ ਟੁਕੜੇ ਦੇ ਦੋ ਟੁਕੜੇ
ਤੇਰੀ ਅੱਖਾਂ ਦੇ ਤਾਰੇ ਦੇ ਤਾਰੇ ਲੁਕ ਗਏ
ਤੇਰੇ ਪਿਆਰੇ ਦੇ ਪਰਮ ਪਿਆਰੇ ਲੁਕ ਗਏ
ਤੇਰੀ ਉਮਰ ਦੇ ਥੰਮ੍ਹ ਸਹਾਰੇ ਲੁਕ ਗਏ
ਜ਼ੁਲਮ ਰਾਜ ਵਿਚ ਮੌਤ ਦੀ ਧੁੰਦ ਉਹਲੇ
ਤੇਰੇ ਪੰਧ ਦੇ ਚਾਨਣ ਮੁਨਾਰੇ ਲੁਕ ਗਏ

ਮਾਤਾ ! ਅੰਤ ਦੀ ਫ਼ਤਹਿ ਬੁਲਾ ਗਏ ਨੇ
ਨਿੱਕੇ ਨਿੱਕੇ ਉਹ ਛੈਲ ਸਰਦਾਰ ਦੋਵੇਂ
ਉਹ ਸ਼ਹਾਦਤ ਦੇ ਸਾਗਰੋਂ ਪਾਰ ਹੋ ਗਏ
ਹੋ ਕੇ ਤੇਗ਼ ਦੀ ਧਾਰ ਅਸਵਾਰ ਦੋਵੇਂ

ਤੇਰੀ ਜਿੰਦ ਗੋਬਿੰਦ ਦੇ ਲਾਲ ਸੁੱਚੇ
ਜ਼ਾਲਮ ਮੌਤ ਦੇ ਵਹਿਣ ਵਿਚ ਰੋੜ੍ਹ ਦਿਤੇ
ਤੇਰੇ ਸੱਧਰਾਂ ਦੇ ਖਿੜੇ ਬਾਗ਼ ਵਿਚੋਂ
ਦੋਵੇਂ ਟਹਿਕਦੇ ਫੁੱਲ ਨੇ ਤੋੜ ਦਿਤੇ
ਆਸ ਮਿਲਨ ਦੀ ਰਹੀ ਨਾ ਫੇਰ ਮੁੜਕੇ
ਚੰਨ ਸਦਾ ਦੇ ਲਈ ਵਿਛੋੜ ਦਿਤੇ
ਦਾਦੀ ਮਾਂ ਦੇ ਕੁਛੜੋਂ ਖੋਹ ਕੇ ਤੇ
ਦਾਦੇ-ਗੁਰੂ ਦੇ ਚਰਨਾਂ ਨਾਲ ਜੋੜ ਦਿਤੇ

ਦੇਸ ਕੌਮ ਤੇ ਧਰਮ ਦੀ ਆਨ ਬਦਲੇ
ਹੱਸ ਹੱਸ ਕੇ ਦੋਵੇਂ ਸ਼ਹੀਦ ਹੋ ਗਏ
ਸਰਮਦ ਜਿਹਾਂ ਦੇ ਪੂਰੇ ਉਸਤਾਦ ਬਣ ਗਏ
ਅਰਜਨ ਗੁਰੂ ਦੇ ਪੱਕੇ ਮੁਰੀਦ ਹੋ ਗਏ।"

ਮਾਤਾ ਜੀ :—

"ਮੋਤੀ ! ਸੱਚ ਆਨ੍ਹੈਂ ? ਉਹ ਸ਼ਹੀਦ ਹੋ ਗਏ ?
ਐਪਰ ਧਰਮ ਨੂੰ ਤਾਂ ਵੱਟਾ ਲਾਇਆ ਨਹੀਂ ਨੇ ?
ਸੱਚ, ਉਹ ਖ਼ੂਨ ਤਾਂ ਮੇਰੇ ਗੋਬਿੰਦ ਦਾ ਸਨ
ਪਰ ਮਾਸੂਮ ਸਨ, ਚਿੱਤ ਡੁਲਾਇਆ ਨਹੀਂ ਨੇ ?
ਨਹੀਂ, ਉਹ ਬੀਰ ਸਨ, ਬੀਰਾਂ ਦੇ ਨਾਲ ਰਲ ਗਏ,
ਸ਼ੁਕਰ ਏ ਆਪਣਾ ਆਪ ਭੁਲਾਇਆ ਨਹੀਂ ਨੇ
ਪਰ ਹੈਰਾਨ ਹਾਂ, ਕੱਲ੍ਹੇ ਕਿਉਂ ਚਲੇ ਗਏ ਨੇ ?
ਸਾਥਣ ਮਾਂ ਨੂੰ ਨਾਲ ਬੁਲਾਇਆ ਨਹੀਂ ਨੇ।"

ਹੰਸ ਮਾਨ-ਸਰੋਵਰ ਨੂੰ ਉੱਡਿਆ ਸੀ
ਮਗਰੇ ਹੰਸ ਦੇ ਹੰਸ ਦੀ ਛਾਂ ਚੱਲੀ
'ਸੀਤਲ' ਦੇਸ ਦੇ ਹੇਤ ਸਰੀਰ ਤਜਿਆ
ਮਗਰੇ ਪੁੱਤਾਂ ਦੇ ਪੁੱਤਾਂ ਦੀ ਮਾਂ ਚੱਲੀ

੧-੧-੩੩ ਈ.

ਜੋਗਨ ਦਾ ਗੀਤ

ਜੋਗਨ ਵਜਾਂਦੀ ਬੀਨ ਹੈ, ਪਰਬਤ ਦੀ ਚੋਟੀ 'ਤੇ ਖਲੀ
ਰਸਲੀਨ, ਕੀਲੀ, ਝੂਮਦੀ, ਇਕ ਇਕ ਲਿਟਾ ਨਾਗਨ ਪਲੀ
ਹੈ ਨੂਰ ਦੀ ਦੇਵੀ, ਪੁਜਾਰਨ ਪ੍ਰੇਮ ਦੀ ਨਿਰਛਲ-ਛਲੀ
ਅਠਖੇਲੀਆਂ ਕਰਦੀ ਹਵਾ ਦੇ ਨਾਲ, ਅਧਮੀਟੀ ਕਲੀ
ਅਵਤਾਰ ਧਰ ਸੰਗੀਤ ਦਾ
ਹੈ ਹੁਸਨ ਮਾਨੋ ਆਇਆ

ਹੈ ਬੀਨ ਵਿਚੋਂ ਨਿਕਲਦੀ ਸੁਰ ਦਰਦ ਮਿਲਵੀਂ ਪਿਆਰ ਦੀ
ਆਵਾਜ਼ ਭਰਦੀ ਤਾਲ ਹੈ ਝਰਨੇ ਦੀ ਡਿਗਦੀ ਧਾਰ ਦੀ
ਰਖ ਬੀਨ ਬੈਠੀ ਜੋੜ ਹਥ, ਬਣ ਮੂਰਤੀ ਸਤਕਾਰ ਦੀ
ਜਿਉਂ ਕਰਨ ਭਗਤੀ ਸ਼ਿਵ ਸਮਾਧੀ ਲਾਇਕੇ, ਕਰਤਾਰ ਦੀ
ਫਿਰ ਗੀਤ ਬਣ ਇਉਂ ਬੁੱਲ੍ਹੀਆਂ 'ਤੇ
ਦਰਦ ਦਿਲ ਦਾ ਆਇਆ ।

''ਐ ਵਤਨ ! ਤੇਰੀ ਯਾਦ 'ਤੋਂ ਮੈਂ ਵਾਰੀਆਂ, ਮੈਂ ਵਾਰੀਆਂ
''ਐ ਹਿੰਦ ! ਤੇਰੀ ਖ਼ਾਕ 'ਤੋਂ ਬਲਿਹਾਰੀਆਂ, ਬਲਿਹਾਰੀਆਂ
''ਤੇਰੀ ਗ਼ੁਲਾਮੀ 'ਤੋਂ ਮੈਂ ਸਦਕੇ ਕੀਤੀਆਂ ਸਰਦਾਰੀਆਂ
''ਕੱਖਾਂ ਦੀ ਕੁੱਲੀ 'ਤੋਂ ਵਲੈਤਾਂ ਵਾਰ ਦੇਵਾਂ ਸਾਰੀਆਂ
''ਇੰਦਰ ਦੇ ਨੰਦਨ-ਬਨ ਦੀ ਛਾਂ
ਹੈ ਬੇਰੀਆਂ ਦਾ ਸਾਇਆ ।

''ਮਿਲ ਨਾਲ ਜਮਨਾ ਦੇ ਹੈ ਗੰਗਾ ਭਾਗ ਤੈਨੂੰ ਲਾ ਰਹੀ
''ਤੇ ਗੋਦ ਤੇਰੀ ਵਿੱਚ ਰਾਵੀ ਜੱਲੀਆਂ ਹੈ ਪਾ ਰਹੀ

ਕੰਢੇ ਝਨਾਂ ਦੇ ਹੀਰ ਬੈਠੀ ਗੀਤ ਤੇਰੇ ਗਾ ਰਹੀ
ਕਰ ਬਾਂਹ ਉੱਚੀ ਲਾਠ ਤੇਰੀ ਸ਼ਾਨ ਹੈ ਸਮਝਾ ਰਹੀ
ਤੇ 'ਤਾਜ' ਤੇਰੇ ਮਾਣ ਸਾਰੇ
ਜੱਗ ਅੰਦਰ ਪਾਇਆ

ਸਰਦਾਰ ਦੁਨੀਆਂ ਦਾ ਹਿਮਾਲਾ ਨੇਕ ਚੌਂਕੀਦਾਰ ਹੈ
ਤੇ ਹਿੰਦ-ਸਾਗਰ, ਪਿਆਰਿਆ ! ਬੇ-ਗ਼ਰਜ਼ ਸਵਾਦਾਰ ਹੈ
ਤੇ ਤੇਰਿਆਂ ਬਾਗ਼ਾਂ 'ਚ ਰਹਿੰਦੀ ਨਿੱਤ ਖਿੜੀ ਗੁਲਜ਼ਾਰ ਹੈ
ਕਣਕਾਂ ਕਪਾਹਾਂ ਤੇਰੀਆਂ ਨੂੰ ਸਹਿਕਦਾ ਸੰਸਾਰ ਹੈ
ਇੰਦਰ ਹਿਮਾਲਾ ਨਾਲ ਰਲ ਕੇ
ਭਾਗ ਤੈਨੂੰ ਲਾਇਆ ।

ਤੂੰ ਸੂਰ-ਬੀਰਾਂ, ਧਰਮ-ਅਵਤਾਰਾਂ ਦਾ ਜਨਮ-ਅਸਥਾਨ ਹੈ
ਬੁੱਧ, ਰਾਮ, ਨਾਨਕ, ਸ਼ਾਮ, ਕਾਲੀਦਾਸ ਤੇਰਾ ਮਾਨ ਹੈ
ਅਰਜਨ, ਤਿਲਕ, ਟੈਗੋਰ, ਗਾਂਧੀ, ਬੋਸ ਤੇਰੀ ਸ਼ਾਨ ਹੈ
ਸਤ, ਧਰਮ ਤੇ ਪਤਿਬਰਤ, ਸੁੱਚਾ, ਪ੍ਰੇਮ ਤੇਰੀ ਜਾਨ ਹੈ
ਪਰ ਵਰਣ-ਵੰਡਾਂ ਨੇ ਹੈ
ਕਾਲਾ ਦਾਗ਼ ਤੈਨੂੰ ਲਾਇਆ

ਮੈਂ ਹਾਂ, ਤੇ ਤੇਰੀ ਯਾਦ ਹੈ, ਸੱਧਰ ਹੈ, ਪੂਜਾ ਪਯਾਰ ਹੈ
ਦਿਲ ਹੈ, ਤੇ ਦਿਲ ਵਿਚ ਦਰਦ ਹੈ, ਸਿਮਰਨ ਹੈ, ਤੇ ਸਤਕਾਰ ਹੈ
ਮੇਰੇ ਲਈ ਕੌਸਰ ਦਾ ਪਾਣੀ ਬ੍ਰਮ੍ਹ-ਪੁੱਤਰ ਦੀ ਧਾਰ ਹੈ
ਤੇ ਵਤਨ ਦੀ ਸੇਵਾ ਮਿਰੀ ਇੰਦਰ ਦੀ ਗੱਦੀ ਯਾਰ ਹੈ
'ਸੀਤਲ' ਦੇ ਦਿਲ 'ਤੇ ਵਤਨ
ਲਿਖਿਆ ਨਜ਼ਰ ਮੈਨੂੰ ਆਇਆ"

੧-੫-੩੨ ਈ.

ਕੁਦਰਤ ਰਾਣੀ

ਕਿਸੇ ਛੈਲ ਦੇ ਊਦੇ ਦੁਪੱਟੇ ਉਤੇ
ਜੀ, ਉਹ ਚਮਕਣਾ ਸਿਲਮੇ-ਸਤਾਰਿਆਂ ਦਾ
ਪੇਚ ਕਿਸੇ ਦੀ ਪੱਗ ਦੇ ਖੁੱਲ੍ਹਣੇ ਜਾਂ
ਝੜ ਝੜ ਡਿੱਗਣਾ ਅਬਰਕ ਦੇ ਤਾਰਿਆਂ ਦਾ
ਕਿਸੇ ਪਰੀ ਦੀ ਮਖਮਲੀ ਸੇਜ ਉੱਤੇ
ਰੁਲਨਾ ਮੋਤੀਆਂ ਨੈਣਾਂ ਦੇ ਮਾਰਿਆਂ ਦਾ
ਓਵੇਂ ਨੀਲੇ ਅਸਮਾਨ ਦੀ ਗੋਦ ਅੰਦਰ
ਦਵਾਲੇ ਚੰਦ ਦੇ ਚਮਕਣਾ ਤਾਰਿਆਂ ਦਾ

ਉਡਣਾ ਵਿਚ ਅਸਮਾਨ ਚੰਗਿਆੜੀਆਂ ਦਾ
ਇਹ ਸਬੂਤ ਹੈ ਲੱਗਿਆਂ ਲੰਬੂਆਂ ਦਾ
ਜਾਂ ਫਿਰ ਚੰਦ ਦੇ ਚਾਨਣੇ ਚਮਕਣਾ ਉਹ
ਡਿੱਗਿਆਂ ਕਿਸੇ ਦੇ ਪ੍ਰੇਮ ਵਿਚ ਹੰਝੂਆਂ ਦਾ

ਸ਼ਾਮ ਹੁੰਦਿਆਂ ਹੀ ਦਰਦਾਂ ਮਾਰਿਆਂ ਨੇ
ਆਣ ਚੰਦ ਦਵਾਲੇ ਪਰ੍ਹੇ ਲਾ ਦੇਣੀ
ਸੁਹਲੇ ਗਾਉਂਦਿਆਂ ਕਿਸੇ ਦੀ ਯਾਦ ਅੰਦਰ
ਅੱਖਾਂ ਵਿਚ ਦੀ ਰਾਤ ਲੰਘਾ ਦੇਣੀ
ਤਕਦੇ ਤਕਦਿਆਂ ਰਾਤ ਸਵੇਰ ਤੀਕਰ
ਆਪਣੇ ਆਪ ਦੀ ਚਮਕ ਗੁਆ ਦੇਣੀ
ਜਾਂ ਕਹੁ, ਰਾਤ ਪ੍ਰਭਾਤ ਦੀ ਖ਼ੁਸ਼ੀ ਅੰਦਰ
ਖਾਣ ਹੀਰਿਆਂ ਦੀ ਉਹ ਲੁਟਾ ਦੇਣੀ

ਬਿਟ ਬਿਟ ਤੱਕਣਾ ਬੋਲ ਨਾ ਸਕਣਾ ਉਹ
ਫਸਿਆਂ ਕਿਸੇ ਦੇ ਪ੍ਰੇਮ ਦੇ ਜਾਲ ਅੰਦਰ
ਗਾਹ ਮਾਰਨਾ ਅੰਬਰਾਂ ਸਾਰਿਆਂ ਨੂੰ
ਕਿਸੇ ਸੁਹਣੇ ਦੀ ਰਾਤ ਭਰ ਭਾਲ ਅੰਦਰ

ਯਾਦ ਕਿਸੇ ਦੀ ਵਿਚ ਕਮਾਨ ਬਣ ਕੇ
ਬਹਿ ਕੇ ਅਰਸ਼ 'ਤੇ ਤੀਰ ਚਲਾਵਣਾ ਉਹ
ਲੋਕਾਂ ਸੁੱਤਿਆਂ 'ਤੇ ਡਰਦੇ ਡਰਦਿਆਂ ਹੀ
ਲੁੱਕ ਲੁੱਕ ਕੇ ਝਾਤੀਆਂ ਪਾਵਣਾ ਉਹ
ਭੱਜੇ ਜਾਂਦਿਆਂ ਕਿਸੇ ਦੀ ਯਾਦ ਅੰਦਰ
ਮੁੜ ਮੁੜ ਪਿਛ੍ਹਾਂ ਨੂੰ ਵਿਹੰਦਿਆਂ ਜਾਵਣਾ ਉਹ
ਇਕ ਰਾਤ ਸੀ ਜੋਬਨ ਲੁਟਾਇ ਉਹ ਵੀ
ਮਲਣੇ ਹੱਥ ਤੇ ਫੇਰ ਪਛਤਾਵਣਾ ਉਹ

ਚੰਦ ਕਿਸੇ ਪਿਆਰੇ ਦੀ ਭਾਲ ਅੰਦਰ
ਭੌਂ ਭੌਂ ਅੱਬਰੀਂ ਹਾਲ ਵੰਜਾਈ ਜਾਣਾ
ਸੁੰਦਰ ਮੁੱਖੜੇ 'ਤੇ ਰਿਸ਼ਮਾਂ ਪੈਣੀਆਂ ਉਹ
ਕਿਸੇ ਆਪਣਾ ਨੂਰ ਲੁਟਾਈ ਜਾਣਾ

ਸਾਰੀ ਚਾਨਣੀ ਕਿਸੇ ਦੇ ਪਿਆਰ ਉਤੋਂ
ਆਣ ਖ਼ੁਸ਼ੀ ਦੇ ਵਿਚ ਲੁਟਾ ਦੇਣੀ

ਸਿਰ 'ਤੇ ਆਣਕੇ ਜ਼ਰਾ-ਕੁ ਅਝਕ ਜਾਣਾ
ਕਿਸੇ ਮਾਹੀ ਦੀ ਗੱਲ ਹਿਲਾ ਦੇਣੀ
ਮਸਤੀ ਵਿਚ ਆ ਜਾਵਣਾ ਆਸ਼ਕਾਂ ਨੇ
ਝੱਟ ਨੂਰ ਵਾਲੀ ਝੜੀ ਲਾ ਦੇਣੀ
ਚੜ੍ਹਦਾ ਆਇਆ ਸੀ ਜਿਸ ਤਰ੍ਹਾਂ ਚੜ੍ਹਦਿਓਂ ਉਹ
ਲਹਿੰਦੇ ਵਿਚ ਜਾ ਕੇ ਨੀਂਵੀਂ ਪਾ ਦੇਣੀ

ਭਾਂਬੜ ਕਿਨ੍ਹਾਂ ਦੇ ਦਿਲਾਂ ਵਿਚ ਬਾਲ ਜਾਣੇ
ਤਪਦੀ ਕਿਸੇ ਦੀ ਹਿੱਕ ਨੂੰ ਠਾਰ ਜਾਣਾ
ਜਾਂਦੀ ਵਾਰ ਜਾਂਦੇ ਜਾਂਦੇ ਚੰਦ ਨੇ ਵੀ
ਏਥੋਂ ਕਰਦਿਆਂ ਹਾਲ ਪੁਕਾਰ ਜਾਣਾ

ਓਧਰ ਓੜ੍ਹ ਕੇ ਡੋਢਣਾ ਰੰਗਲਾ ਉਹ
ਫਿਰਨਾ ਪੌਣ ਨੇ ਸਾਰੇ ਸੰਸਾਰ ਅੰਦਰ
ਲਾ ਕੇ ਹਾਰ ਸ਼ੰਗਾਰ ਮੁਟਿਆਰ ਦਾ ਜਿਉਂ
ਫਿਰਨਾ ਤੋੜਦੀ ਫੁੱਲ ਗੁਲਜ਼ਾਰ ਅੰਦਰ
ਲੈ ਕੇ ਫੁੱਲਾਂ ਦੀ ਟੋਕਰੀ ਜਿਵੇਂ ਮਾਲਣ
ਫੇਰੀ ਪਾਵਣੀ ਗਲੀ ਬਾਜ਼ਾਰ ਅੰਦਰ
ਸਬਜ਼-ਪਰੀ ਨੇ ਸੋਲਾਂ ਸ਼ੰਗਾਰ ਲਾ ਕੇ
ਕਰਨਾ ਨਾਚ ਜਿਉਂ ਰਾਜ ਦਰਬਾਰ ਅੰਦਰ

ਰੱਤੀ ਕਿਸੇ ਦੇ ਪ੍ਰੇਮ ਵਿਚ ਬਾਵਰੀ ਨੇ
ਕਰਦੀ ਉਸ ਪਿਆਰੇ ਦੀ ਭਾਲ ਫਿਰਨਾ
ਦੂਰ ਦੂਰ ਸੁਗੰਧੀ ਦੀਆਂ ਆਉਣ ਲਪਟਾਂ
ਗਲੇ ਵਿਚ ਖਿਲਾਰ ਕੇ ਵਾਲ ਫਿਰਨਾ

ਫੋਲ ਫੋਲ ਕੇ ਪੱਤੀਆਂ ਪੱਤੀਆਂ ਨੂੰ
ਕਿਸੇ ਮਾਹੀ ਨੂੰ ਲਭਦਿਆਂ ਜਾਵਣਾ ਉਹ
ਅਧ ਮੀਟੀਆਂ ਕਲੀਆਂ ਕੁਆਰੀਆਂ ਨੂੰ
ਛੇੜ ਛੇੜ ਕੇ ਪਈ ਹਸਾਵਣਾ ਉਹ

ਕਿਸੇ ਘੁੱਟ ਛਾਤੀ ਨਾਲ ਲਾ ਲੈਣਾ
ਨਾਲ ਪਿਆਰ ਮੂੰਹ ਚੁੰਮਦਿਆਂ ਜਾਵਣਾ ਉਹ
ਕਿਸੇ ਸੂਹਲ ਸਰੀਰ ਦਾ ਨਾਲ ਬੁੱਲੇ
ਨਾਲ ਕੰਡਿਆਂ ਪੱਛਿਆ ਜਾਵਣਾ ਉਹ

ਸ਼ਾਂ-ਸ਼ਾਂ ਕਰਦਿਆਂ ਬੁੱਲਿਆਂ ਲੰਘ ਜਾਣਾ
ਅਗ੍ਹਾਂ ਗਿਆਂ ਨਾ ਪਰਤ ਕੇ ਆਵਣਾ ਫਿਰ
ਖੜ-ਖੜਾਇਕੇ ਪੱਤਿਆਂ ਚੁੱਪ ਕਰਨਾ
ਉਹਨਾਂ ਗਿਆਂ ਦਾ ਸੋਗ ਮਨਾਵਣਾ ਫਿਰ

ਓਧਰ ਉਠ ਕੇ ਬੁਲਬੁਲਾਂ ਭੌਰਿਆਂ ਨੇ
ਆਣ ਫੁੱਲਾਂ 'ਤੇ ਛਾਉਣੀਆਂ ਪਾਣੀਆਂ ਉਹ
ਜਿਵੇਂ ਰਾਤ ਵਿਜੋਗ ਦੇ ਵਿਚ ਬੀਤੀ
ਛੇੜ ਦੇਣੀਆਂ ਦਰਦ ਕਹਾਣੀਆਂ ਉਹ
ਓਧਰ ਪੀਹਣ ਪਕਾਉਣ ਦੇ ਆਹਰ ਅੰਦਰ
ਰੁੜ੍ਹ ਜਾਵਣਾ ਘਰੀਂ ਸੁਆਣੀਆਂ ਉਹ
ਕਈਆਂ ਉੱਠ ਕੇ ਚੱਕੀਆਂ ਝੋਣੀਆਂ ਚਾ
ਪੈਣਾਂ ਦੁੱਧ ਦੇ ਵਿਚ ਮਧਾਣੀਆਂ ਉਹ

ਥਪਕ ਥਪਕ ਸੁਆਉਣਾ ਬੱਚਿਆਂ ਨੂੰ
ਮਾਂਵਾਂ ਦੇਣੀਆਂ ਲਾਡ ਵਿਚ ਲੋਰੀਆਂ ਨੀ
ਫਿਰਨਾ ਭਾਲਦੇ ਕਿਤੇ ਟਿਕਾਣਿਆਂ ਨੂੰ
ਰਾਤ ਜਿੰਨ੍ਹਾਂ ਨੇ ਕੀਤੀਆਂ ਚੋਰੀਆਂ ਨੀ

'ਅੱਲਾਹ' 'ਵਾਹਿਗੁਰੂ' 'ਰਾਮ' ਕਹਿ ਉੱਠ ਬਹਿਣਾ
ਗੜਵੀ ਹੱਥ ਲੈ ਬਾਹਰ ਨੂੰ ਧਾਵਣਾ ਉਹ
ਕਿਸੇ ਨਦੀ ਤਲੱਾ ਵਿਚ ਕੁੱਦਣਾ ਜਾ
ਪਾਣੀ ਖੂਹਾਂ ਦਾ ਕਿਸੇ ਹਿਲਾਵਣਾ ਉਹ
'ਹਰੇ ਰਾਮ ਸੀਤਾ' 'ਰਾਧੇ ਕ੍ਰਿਸ਼ਨ' ਕਹਿਣਾ
ਗੜਵੀ ਪਲਟ ਹੇਠੋਂ ਨਿਕਲ ਜਾਵਣਾ ਉਹ

ਪੈਣਾ ਆਣ ਮਣਕੇ ਉੱਤੇ ਠਾਹ ਮਣਕਾ
ਨਾਲ ਤਰਲਿਆਂ ਰੱਬ ਮਨਾਵਣਾ ਉਹ
ਮੱਥਾ ਟੇਕਣਾ ਕਿਸੇ ਨੇ ਪੱਥਰਾਂ ਨੂੰ
ਰਾਧਾਂ ਵਾਂਗ ਦਿਨ ਨੂੰ ਸ਼ਾਮ ਸ਼ਾਮ ਕਰਨਾ
ਗੋਤੇ ਦੇਵਣੇ ਠੰਢਿਆਂ ਪਾਣੀਆਂ ਵਿਚ
ਸੁੱਤੇ ਠਾਕਰਾਂ ਨੂੰ ਬੇ-ਆਰਾਮ ਕਰਨਾ

ਛਾਂਵੇਂ ਤਾਰਿਆਂ ਦੀ ਕਿਨ੍ਹਾਂ ਉਠ ਤੁਰਨਾ
ਜਿੰਨ੍ਹਾਂ ਦੂਰ ਜਾ ਪੱਕੀਆਂ ਖਾਣੀਆਂ ਨੇ
ਕਰਕੇ ਕਈ ਹਰਨਾਲੀਆਂ ਵੜੇ ਖੇਤੀਂ
ਫਿਰਦੇ ਭਾਲਦੇ ਕਈ ਪਰਾਣੀਆਂ ਨੇ
ਟੋਕੇ ਖੜਕਣੇ ਕਈਆਂ ਦੇ ਅੱਡਿਆਂ 'ਤੇ
ਜਿੰਨ੍ਹਾਂ ਕੁਤਰ ਕੇ ਢੇਰੀਆਂ ਲਾਣੀਆਂ ਨੇ
ਤੌਣਾਂ ਵਿਚ ਪਰਾਤਾਂ ਦੇ ਗੁੰਨ੍ਹ ਰਹੀਆਂ
ਦੂਰ ਰੋਟੀਆਂ ਜਿੰਨ੍ਹਾਂ ਲੈ ਜਾਣੀਆਂ ਨੇ

ਅੱਖੀਂ ਮਲਦਿਆਂ ਕਿਨ੍ਹਾਂ ਨੇ ਉਠ ਬਹਿਣਾ
ਫੜ ਕੇ ਮੰਜੀ ਦੀ ਪੈਂਦ ਦੇ ਪਾਵਿਆਂ ਨੂੰ
ਕਿਨ੍ਹਾਂ ਉਠ ਕੇ ਸੈਰ ਨੂੰ ਧਾ ਜਾਣਾ
ਘਰੀਂ ਸੁੱਤਿਆਂ ਛੱਡ ਪਰਛਾਂਵਿਆਂ ਨੂੰ

ਆਵਾ-ਜਾਈ ਬਜ਼ਾਰਾਂ 'ਚ ਸ਼ੁਰੂ ਹੋਈ
ਸ਼ਾਹ ਹੋਰਾਂ ਵੀ ਖੁਹਲੀਆਂ ਹੱਟੀਆਂ ਨੇ
ਬਾਬੂ ਹੁਰੀਂ ਸਕੂਲ ਦੀਆਂ ਤਿਆਰੀਆਂ ਵਿਚ
ਬੱਧੀਆਂ ਕਾਪੀਆਂ ਵਾਹੁੰਦੇ ਪੱਟੀਆਂ ਨੇ
ਚੋਇ ਚੋਇ ਗਾਂਈਆਂ ਅਤੇ ਮੱਝੀਆਂ ਨੂੰ
ਭਰੀਆਂ ਕਈਆਂ ਦੁੱਧਾਂ ਦੀਆਂ ਮੱਟੀਆਂ ਨੇ
ਫੁੱਟੀ ਪਹੁ ਨੂੰ ਵੇਖ ਕੇ ਝੱਟ ਓਧਰ
ਚੁੱਲ੍ਹੇ ਤਾਅ ਦਿਤੇ ਘਰੀਂ ਜੱਟੀਆਂ ਨੇ

ਓਧਰ ਦਿਨ ਦੀ ਖ਼ੁਸ਼ੀ ਵਿਚ ਕਾਂ ਚਿੜੀਆਂ
ਰਲ-ਮਿਲ ਸਾਰਿਆਂ ਨੇ ਰੌਲਾ ਪਾਵਣਾ ਉਹ
ਬੁੱਢੀ ਮਾਂ ਹਲੂਣ ਹਲੂਣ ਓਧਰ
ਪੁੱਤਾਂ ਪੋਤਿਆਂ ਤਾਈਂ ਉਠਾਵਣਾ ਉਹ

ਰਾਤ ਜਿੰਨ੍ਹਾਂ 'ਤੇ ਗ਼ਜ਼ਬ ਦਾ ਹੁਸਨ ਹੈਸੀ
ਫਿੱਕਾ ਰੰਗ ਪੈ ਜਾਵਣਾ ਸਾਰਿਆਂ ਦਾ
ਓਧਰ ਸੂਰਜ ਭਗਵਾਨ ਦਾ ਆਉਣ ਸੁਣ ਕੇ
ਲੁਕ ਲੁਕ ਕੇ ਭੱਜਣਾ ਤਾਰਿਆਂ ਦਾ
ਜਿੰਨ੍ਹਾਂ ਰਾਤ ਵਿਯੋਗ ਦੇ ਵਿਚ ਕੱਟੀ
ਮਿਲਨਾ ਦੋਹਾਂ ਦਾ ਆਣ ਵਿਚਾਰਿਆਂ ਦਾ
ਓਧਰ ਸੱਸੀਆਂ ਪੁੰਨੂਆਂ ਡੋਬ ਪੈਣੇ
ਵਿਛੜ ਜਾਵਣਾ ਕਿਨ੍ਹਾਂ ਪਿਆਰਿਆਂ ਦਾ

ਤਿੱਖੀ ਕਿਸੇ ਦੀ ਅੱਖ ਦੀ ਚਮਕ ਪੈਣੀ
ਵਗਦੀ ਨਦੀ, ਜਾਂ ਚਾਂਦੀ ਦੀ ਤਾਰ ਉਤੇ
ਬੂੰਦ ਖ਼ੂਨ ਦੀ ਚਮਕਣੀ ਇਕ ਬਾਕੀ
ਕਿਸੇ ਸ਼ੋਖ਼ ਦੀ ਤੇਜ਼ ਤਲਵਾਰ ਉਤੇ

ਨੋਕਾਂ ਘਾਹ ਦੀਆਂ ਉਤੇ ਤਰੇਲ-ਤੁਬਕੇ
ਕਿਸੇ ਛੈਲ ਨੇ ਸੂਲੀ ਚੜ੍ਹਾਏ ਹੋਏ ਨੇ
ਕਿਸੇ ਸੁੰਦਰੀ ਹਾਰ ਦੇ ਤੋੜ ਮੋਤੀ
ਸਬਜ਼ ਮਖ਼ਮਲ 'ਤੇ ਜਾਂ ਫਿਰ ਖਿੰਡਾਏ ਹੋਏ ਨੇ
ਜਾਂਦੀ ਰਾਤ ਜਾਂ ਫਿਰ ਭਰ ਭਰ ਨੈਣ ਰੁੰਨੀ
ਹੰਝੂ ਡਿੱਗ ਜ਼ਮੀਨ 'ਤੇ ਆਏ ਹੋਏ ਨੇ
ਜਾਂ ਫਿਰ ਘਾਹ, ਬੂਟੇ ਫੁੱਲਾਂ, ਪੱਤਿਆਂ ਨੇ
ਹੀਰੇ ਲਾਲ ਇਹ ਕਿਤੋਂ ਚੁਰਾਏ ਹੋਏ ਨੇ
ਐਪਰ ਸੂਰਜ ਭਗਵਾਨ ਦੀਆਂ ਸ਼ੋਖ਼ ਕਿਰਨਾਂ
ਰੋਂਦੀ ਅੱਖ ਦਾ ਨੀਰ ਸੁਕਾਉਣ ਲਗੀਆਂ

ਚੁੱਪ ਕੀਤੀਆਂ ਪੌਣ ਦੇ ਨਾਲ ਰਲ ਕੇ
ਸੁੱਚੇ ਚਮਕਦੇ ਮੋਤੀ ਚੁਰਾਉਣ ਲੱਗੀਆਂ
ਚੜ੍ਹਦੇ ਬੱਦਲੀਂ ਲੱਗਿਆਂ ਲੰਬੂਆਂ ਨੂੰ
ਇਕ ਪਲਕ ਵਿਚ ਕਿਸੇ ਬੁਝਾਉਣਾ ਉਹ
ਸੋਨੇ ਚਾਂਦੀ ਦਾ ਸੀ ਜੋ ਪਹਾੜ ਦਿਸਦਾ
ਉਹਲੇ ਅੱਖੀਓਂ ਝੱਟ ਹੋ ਜਾਵਣਾ ਉਹ
ਨੂਰ ਭਰੀ ਅਸਮਾਨ ਦੀ ਅੱਖ ਤਿੱਖੀ
ਵਿਹੰਦੇ ਵਿਹੰਦਿਆਂ ਉਤਾਂਹ ਨੂੰ ਆਵਣਾ ਉਹ
ਬਾਰਾਂਦਰੀ ਬਲੌਰ ਦੀ ਵਿਚ ਓਧਰ
ਨਿਉਂ ਨਿਉਂ ਕੇ ਝਾਤੀਆਂ ਪਾਵਣਾ ਉਹ

ਇਵੇਂ ਚਮਕਣਾ ਸ਼ੀਸ਼ੇ ਦੇ ਟੁਕੜਿਆਂ ਦਾ
ਜਿਵੇਂ ਝਿਲਮਲਾਣਾ ਰਾਤੀਂ ਤਾਰਿਆਂ ਦਾ
ਫੁੱਲ-ਝੜੀ ਦੀ ਸ਼ਾਨ ਨੂੰ ਮਾਤ ਕਰਨਾ
ਪਾਣੀ ਉਛਲਨਾ ਜਦੋਂ ਫੁਹਾਰਿਆਂ ਦਾ

ਓਧਰ ਦੂਰ ਹਿਮਾਲਾ ਦੀਆਂ ਚੋਟੀਆਂ 'ਤੇ
ਕਿਸੇ ਚਾਂਦੀ ਦੇ ਫ਼ਰਸ਼ ਵਿਛਾ ਦੇਣੇ
ਸੂਰਜ ਹੂਰਾਂ ਵੀ ਉਠਦਿਆਂ ਨੈਣ ਤਿੱਖੇ
ਉਹਦੀ ਸੁੰਦਰਤਾ ਉਤੇ ਜਮਾ ਦੇਣੇ
ਭਰੇ ਨੂਰ ਦੇ ਕਈ ਖ਼ਜ਼ਾਨਿਆਂ ਦੇ
ਇਕੋ ਝਲਕ ਦੇ ਉੱਤੋਂ ਲੁਟਾ ਦੇਣੇ
ਓਧਰ ਸੂਹਲ ਹਿਮਾਲਾ ਨੇ ਸ਼ਰਮ ਖਾ ਕੇ
ਰੋਇ ਰੋਇ ਦਰਿਆ ਵਹਾ ਦੇਣੇ

ਉਹਨੂੰ ਰੋਂਦਿਆਂ ਵੇਖ ਕੇ ਸ਼ਾਇਰਾਂ ਦੇ
ਦਿਲ ਉਛਲ ਕੇ ਮੂੰਹ ਨੂੰ ਆ ਜਾਣੇ
ਚਾਰ ਚੰਦ ਉਹਦੀ ਖ਼ੂਬਸੂਰਤੀ ਨੂੰ
ਸੋਚੀਂ ਡੁੱਬਿਆਂ ਉਹਨੂੰ ਵੀ ਲਾ ਜਾਣੇ

ਓਧਰ ਕਿਸੇ ਦੇ ਪਿਆਰ ਦੇ ਪੁੰਜ ਮਾਹੀ
ਬੰਨ੍ਹ ਬਿਸਤਰਾ ਤੇ ਹੋ ਵਿਦਾ ਤੁਰਨਾ
ਖਿੰਡੇ ਕਿਸੇ ਦੇ ਪ੍ਰੇਮ ਬਾਰੂਦ ਅੰਦਰ
ਹੱਸ ਹੱਸ ਚੁਆਤੀਆਂ ਲਾ ਤੁਰਨਾ
ਹੰਝੂ ਭਰੀ ਮਲੂਕ ਦੇ ਹੱਥ ਵਿਚੋਂ
ਹਾੜ੍ਹੇ ਕੱਢਦਿਆਂ ਪੱਲਾ ਛੁਡਾ ਤੁਰਨਾ
ਨੂਰ ਭਰੀ ਪਿਆਰੀ ਸਵੇਰ ਨੇ ਵੀ
ਓਧਰ ਲਹਿੰਦੇ ਨੂੰ ਪੈਰ ਉਠਾ ਤੁਰਨਾ

ਓਧਰ ਖ਼ੁਸ਼ੀ ਵਿਚ ਕੇਰਦੀ ਕਲਮ ਹੰਝੂ
ਦੋਹਾਂ ਨੈਣਾਂ ਦਾ ਨੀਰ ਸੁਕਾ ਦੇਣਾ
ਦਿਲ ਦਾ ਅਜੇ ਅਰਮਾਨ ਨਾ ਨਿਕਲਿਆ ਸੀ
'ਸੀਤਲ' ਖ਼ਿਆਲ ਨੂੰ ਪਿਛ੍ਹਾਂ ਪਰਤਾ ਦੇਣਾ

੧-੯-੨੮ ਈ.

ਵਤਨ ਦੀ ਯਾਦ

ਮੈਂ ਸੰਭਲਿਆ, ਤਾਂ ਤੁਰ ਗਿਆ, ਛਡ ਦੇਸ ਨੂੰ ਪਰਦੇਸ ਨੂੰ
ਛਡ ਦੇਸ ਨੂੰ ਤੇ ਦੇਸ ਦੀ ਰਹਿਣੀ ਤੇ ਦੇਸੀ ਵੇਸ ਨੂੰ
ਪੰਜਾਬ ਨੂੰ ਕੀ, ਹਿੰਦ ਨੂੰ, ਛਡ ਗਿਆ ਪਾਣੀ ਏਸ ਨੂੰ
ਬਦਨਾਮ ਕੀਤਾ ਆਪ ਨੂੰ ਥਾਂ ਥਾਂ ਤੇ ਆਪਣੇ ਦੇਸ ਨੂੰ
ਪਰ ਯਾਦ ਤੇਰੀ ਐ ਵਤਨ ! ਇਸ ਜ਼ਖ਼ਮੀ ਦਿਲ ਚੋਂ ਨਾ ਗਈ
ਅੰਦਰ ਜਹਾਜ਼ਾਂ ਬੈਠਿਆਂ ਉਹ ਝੂਮਣਾ, ਉਹ ਹਿੱਲਣਾ
ਲੱਤਾਂ ਤੇ ਬਾਂਹੀਂ ਮਾਹਿਆਂ ਬਿਨ ਹੀ ਸਮੁੰਦਰ ਠਿੱਲ੍ਹਣਾ
ਲਹਿਰਾਂ 'ਤੇ ਪੈਣਾ ਛਾਲਿਆਂ ਪਾਣੀ ਦੇ ਦਿਲ ਨੂੰ ਛਿੱਲਣਾ
ਟਾਪੂ ਸਮੁੰਦਰ ਗੋਦ ਵਿਚ ਕੋਈ ਵਿਛੜਨਾ, ਕੋਈ ਮਿਲਣਾ
ਪਰ ਯਾਦ ਤੇਰੀ ਐ ਵਤਨ ! ਇਸ ਜ਼ਖ਼ਮੀ ਦਿਲ 'ਚੋਂ ਨਾ ਗਈ
ਉਸ 'ਅਦਨ' ਦੀ ਬੰਦਰ ਨੇ 'ਕਲਕੱਤੇ' ਦਾ ਨਕਸ਼ਾ ਖਿਚਿਆ
ਖਾੜੀ ਦੇ ਵਿਚ ਜਹਾਜ਼, ਦਿਲ 'ਹੁਗਲੀ' ਦੀ ਲਹਿਰਾਂ ਵਿਚ ਆ
ਉਹ ਦੂਰ ਤੀਕਰ ਰੜਾਂ ਵਿਚ ਕੋਈ ਟਾਵਾਂ ਟਾਵਾਂ ਬਿਰਛ ਆ
ਸੱਸੀ ਦਾ ਥਲ ਉਹ ਰੇਤ ਦਾ, ਡਾਚੀ 'ਤੇ ਪੁੰਨੂੰ ਦਿੱਸਿਆ
ਪਰ ਯਾਦ ਤੇਰੀ ਐ ਵਤਨ ! ਇਸ ਜ਼ਖ਼ਮੀ ਦਿਲ 'ਚੋਂ ਨਾ ਗਈ
ਡੂੰਘਾ ਉਹ ਵਹਿਣ 'ਸਵੇਜ਼' ਦਾ ਦਿਲ ਨੂੰ ਪਿਆ ਭਰਮਾਵੰਦਾ
ਦੋ-ਖੰਡ ਕੀਤੀ ਪਿਰਥਵੀ ਵਿਚੋਂ ਦੀ ਲੰਘਦਾ ਜਾਵੰਦਾ
ਪਾਏ ਵਿਛੋੜੇ ਧਰਤ ਵਿਚ ਪਾਣੀ ਦੇ ਮੇਲ ਮਿਲਾਵੰਦਾ
ਲੱਖਾਂ ਦੇ ਨਾਲ ਸੂ ਵਾਕਫ਼ੀ, ਪਰ ਦਿਲ ਕਿਤੇ ਨਾ ਲਾਵੰਦਾ
ਪਰ ਯਾਦ ਤੇਰੀ ਐ ਵਤਨ ! ਇਸ ਜ਼ਖ਼ਮੀ ਦਿਲ 'ਚੋਂ ਨਾ ਗਈ

ਵਹਿੰਦਾ ਉਹ ਪਾਣੀ 'ਨੀਲ' ਦਾ ਸੀ ਵਾਹੋ-ਦਾਹੀ ਆਂਵਦਾ
ਉਹ ਮੁੱਦਤਾਂ ਦਾ ਵਿਛੜਿਆ ਸਾਗਰ 'ਚ ਆਣ ਸਮਾਂਵਦਾ
ਉੱਚੇ ਮੁਨਾਰੇ 'ਮਿਸਰ' ਦੇ ਜਦ ਧਿਆਨ ਓਧਰ ਜਾਂਵਦਾ
ਦਿੱਲੀ ਦੇ ਵਿਚ ਉਹ 'ਲਾਠ' ਦਾ ਚੇਤੇ ਨਜ਼ਾਰਾ ਆਂਵਦਾ
ਹਾਂ, ਯਾਦ ਤੇਰੀ ਐ ਵਤਨ ! ਇਸ ਜ਼ਖ਼ਮੀ ਦਿਲ 'ਚੋਂ ਨਾ ਗਈ

'ਸਿਸਲੀ' ਦੇ ਉੱਤਰ ਵੱਲ ਉਹ 'ਇਟਲੀ' ਦਾ ਦੇਸ ਸੁਹਾਂਵਦਾ
ਜਿਉਂ 'ਲੰਕ' ਦੇ ਪਰਬਤ 'ਤੇ ਖਲਿਆਂ ਹਿੰਦ ਨਜ਼ਰੀਂ ਆਂਵਦਾ
ਸਾਗਰ 'ਚ ਲੰਮਾ ਪਾਟ ਇਕ ਉੱਤਰ ਨੂੰ ਵਧਦਾ ਜਾਂਵਦਾ
ਕੰਢੇ 'ਤੇ 'ਵੀਨਸ' ਵੱਸਦਾ ਦਿਲ ਨੂੰ ਏਂ ਖੋਹਾਂ ਪਾਂਵਦਾ
ਪਰ ਯਾਦ ਤੇਰੀ ਐ ਵਤਨ ! ਇਸ ਜ਼ਖ਼ਮੀ ਦਿਲ 'ਚੋਂ ਨਾ ਗਈ

'ਜਬਰਾਲਟਰ' ਵੀ ਵੇਖਿਆ ਤੇ 'ਸਪੇਨ' ਸਾਰਾ ਗਾਹਿਆ
ਹਾਂ, ਪੁਰਤਗਾਲੀ ਬਾਂਕਿਆਂ ਨੇ ਦਿਲ ਜ਼ਰਾ ਭਰਮਾਇਆ
ਲਹਿੰਦੇ 'ਚ ਠਾਠਾਂ ਮਾਰਦਾ ਨਜ਼ਰੀਂ ਸਮੁੰਦਰ ਆਇਆ
ਦਿਲ ਭਟਕਿਆ ਪਰ ਰਹਿ ਗਿਆ ਕੁਛ ਹੋਰ ਚੇਤੇ ਆਇਆ
ਉਹ ਯਾਦ ਸੀ ਤੇਰੀ, ਵਤਨ ! ਜੋ ਜ਼ਖ਼ਮੀ ਦਿਲ 'ਚੋਂ ਨਾ ਗਈ

'ਯੂਰਪ' 'ਚ ਸਾਰੇ ਭੌਂਦਿਆਂ 'ਪੈਰਸ' 'ਚ ਆ ਥਾਂ ਮੱਲਿਆ
ਉਸ ਹੁਸਨ ਦੀ ਦੁਨੀਆਂ 'ਚ ਆ, ਆਪਾ ਹੀ ਕਈਆਂ ਭੁੱਲਿਆ
ਓਹਿ ! ਸੁੰਦਰੀਆਂ ਦੇ ਨਾਜ਼ ਨਖ਼ਰੇ ਨੇ ਜਦੋਂ ਦਿਲ ਛੱਲਿਆ
ਅਪੱਛਰਾਂ ਦਾ ਦੇਸ ਉਹ, ਘਰ ਫ਼ੈਸ਼ਨਾਂ ਦਾ ਬੱਲਿਆ
ਪਰ ਯਾਦ ਤੇਰੀ ਐ ਵਤਨ ! ਇਸ ਜ਼ਖ਼ਮੀ ਦਿਲ 'ਚੋਂ ਨਾ ਗਈ

ਉਸ ਵਹਿੰਦੀ 'ਟੇਮਜ਼' ਨਦੀ 'ਤੇ 'ਲੰਡਨ' ਦਾ ਸ਼ਹਿਰ ਸੁਹਾਂਵਦਾ
ਤਕ ਰਾਜਸੀ ਮਹਿਲਾਂ ਨੂੰ ਕਾਰੀਗਰ ਦਾ ਚੇਤਾ ਆਂਵਦਾ
ਦੁਨੀਆਂ ਦੀ ਮਾਨੋ ਹੱਦ ਉਹ ਦਿਲ ਛੱਡਣਾ ਨਾ ਚਾਂਵਦਾ
ਪਰ ਆਗਰੇ ਦਾ 'ਤਾਜ' ? ਉਹ ! ਉਹ ਮਾਤ ਸਭ ਨੂੰ ਪਾਂਵਦਾ
ਐ ਵਤਨ ! ਤੇਰੀ ਯਾਦ ਹੈ ਜੋ ਜ਼ਖ਼ਮੀ ਦਿਲ 'ਚੋਂ ਨਾ ਗਈ

ਵੱਲ 'ਨਾਰਵੇ' ਦੇ ਪਰਬਤਾਂ ਤੱਕਿਆ ਜਾਂ ਨਾਲ ਧਿਆਨ ਦੇ

ਅਫ਼ਰੀਕਾ ਤੇ ਯੂਰਪ ਦੇ ਸਭ ਅਮਰੀਕਾ ਤੇ ਜਾਪਾਨ ਦੇ
ਉੱਚਿਆਂ ਦੀ ਪੁੱਛੋ—ਹੱਦ ਨਾ—ਖਹਿੰਦੇ ਨੇ ਨਾਲ ਅਸਮਾਨ ਦੇ
ਪਰ ਐ 'ਹਿਮਾਲਾ' ਪਿਆਰਿਆ ! ਕਿੱਥੇ ਨੇ ਤੇਰੀ ਸ਼ਾਨ ਦੇ
ਐ ਵਤਨ ! ਤੇਰੀ ਯਾਦ ਇਸ ਦੁਖੀਏ ਦੇ ਦਿਲ 'ਚੋਂ ਨਾ ਗਈ

'ਕੌਂਗੂ' 'ਐਮੇਜ਼ਨ' ਵੇਖ ਕੇ ਦੰਗ ਅਕਲ ਮੇਰੀ ਰਹਿ ਗਈ
ਦੋਹਾਂ 'ਚ ਵਗਦੀ 'ਅਟਕ' ਦੀ ਧਾਰਾ ਸੀ ਨਜ਼ਰੀਂ ਪੈ ਰਹੀ
'ਮਿੱਸਿੱਸਪੀ' ਨੂੰ ਵੇਖ ਕੇ ਜਿੰਦ ਹੋਰ ਵਹਿਣੀ ਪੈ ਗਈ
ਛਾਤੀ 'ਤੇ ਮੁੜ੍ਹਕਾ ਆਣ ਕੇ 'ਗੰਗਾ' ਪਿਆਰੀ ਵਹਿ ਪਈ
ਐ ਵਤਨ ! ਤੇਰੀ ਯਾਦ ਇਸ ਜ਼ਖ਼ਮੀ ਦਿਲੋਂ ਨਾ ਹੀ ਗਈ

ਚੜ੍ਹ 'ਕਾਸਕੇਡਾ' ਵੇਖਿਆ ਓਥੇ ਨਜ਼ਾਰਾ ਹੋਰ ਹੈ
ਦਿਲ ਨੂੰ ਚੁਰਾਉਣ ਵਾਲੜਾ "ਗੁਲਜ਼ਾਰਿ-ਦੁਨੀਆਂ" ਚੋਰ ਹੈ
ਮਾਨੋ ਹਿਮਾਲਾ-ਗੋਦ ਵਿਚ ਕਸ਼ਮੀਰ ਦੂਜਾ ਹੋਰ ਹੈ
ਨਹੀਂ, ਝੂਠ ਹੈ, ਕਸ਼ਮੀਰ ਤਾਂ ਮੈਂ ਜ਼ਿੰਦਗੀ ਦੀ ਡੋਰ ਹੈ
ਕਸ਼ਮੀਰ ! ਤੇਰੀ ਯਾਦ ਜਿਸਨੇ ਵੇਖਿਆ, ਦਿਲ ਵਿਚ ਰਹੀ

ਗੁਜ਼ਰੀ ਉਮਰ ਹੀ ਭੌਂਦਿਆਂ ਗਾਹਿਆ ਹੈ,ਕੁੱਲ ਜਹਾਨ ਮੈਂ
ਸਭ ਰੂਸ, ਇਟਲੀ, ਜਰਮਨੀ, ਹਾਲੈਂਡ, ਇੰਗਲਿਸਤਾਨ ਮੈਂ
ਅਫ਼ਰੀਕਾ, ਆਸਟਰੇਲੀਆ, ਸਭ ਚੀਨ ਤੇ ਜਾਪਾਨ ਮੈਂ
ਦੁਨੀਆਂ ਪੁਰਾਣੀ-ਨਵੀਂ, ਸਭ ਦੀ ਖ਼ਾਕ ਵੇਖੀ ਛਾਨ ਮੈਂ
ਪਰ ਯਾਦ ਤੇਰੀ ਐ ਵਤਨ ! ਇਸ ਜ਼ਖ਼ਮੀ ਦਿਲ 'ਚੋਂ ਨਾ ਗਈ

ਪੰਜਾਬ ਤੇਰੇ ਪਾਣੀਆਂ ਦਾ ਸਵਾਦ ਨਾ ਹੀ ਭੁੱਲਿਆ
ਐ ਹਿੰਦ ! ਤੇਰੀ ਪੌਣ ਦਾ ਇਹ ਯਾਦ ਤੇਰੀ ਮੁੱਲ ਆ
ਇਹ ਯਾਦ ਤੇਰੀ ਐ ਵਤਨ ? ਸ਼ਰਧਾ ਦਾ ਖਿੜਿਆ ਫੁੱਲ ਆ
ਨਾ ਦੁਨੀਆਂ ਸਾਰੀ 'ਸੀਤਲਾ' ਖ਼ਾਕਿ ਵਤਨ ਦੇ ਤੁੱਲ ਆ
ਐ ਵਤਨ ! ਤੇਰੀ ਯਾਦ ਹੈ ਜੋ ਜ਼ਖ਼ਮੀ ਦਿਲ 'ਚੋਂ ਨਾ ਗਈ

੮-੮-੩੦ ਈ.

ਗ਼ਰੀਬ ਕਵੀ

ਪਿੰਡੋਂ ਦੁਰੇਡੀ ਥਾਂ ਏਂ
ਟਾਹਲੀ ਦੀ ਠੰਢੀ ਛਾਂ ਏਂ
ਮੌਸਮ ਏਂ ਸਖ਼ਤ ਹੁਨਾਲ ਦਾ
ਪਾਰਾ ਏ ਵਹਿੰਦੇ ਖਾਲ ਦਾ

ਪਾਣੀ ਏਂ ਨਿਰਮਲ ਵਹਿ ਰਿਹਾ
'ਮੈਂ ਆ ਗਿਆ ਹਾਂ' ਕਹਿ ਜਿਹਾ
ਕੰਢੇ 'ਤੇ ਸਾਫ਼ਾ ਸੱਟ ਕੇ
ਬੈਠਾ ਕੋਈ ਚੁਪ ਵੱਟ ਕੇ

ਹੈਗਾ ਤਾਂ ਉਮਰ ਜਵਾਨ ਏਂ
ਸੋਚਾਂ ਲਿਆ ਪਰ ਰਾਨ ਏਂ
ਲੀਰਾਂ ਦਾ ਬੁਕ ਦਸਤਾਰ ਏ
ਪਾਟਾ ਈ ਕੁੜਤਾ ਯਾਰ ਏ

ਕਾਪੀ ਏ ਇਕ ਪਾਟੀ ਜਹੀ
ਪੈਸੇ ਦੀ ਇਕ ਪੈਨਸਲ ਪਈ
ਜੋਬਨ ਵੀ ਏ, ਜਵਾਨੀ ਵੀ ਏ
ਨੈਣਾਂ 'ਚ ਕੁਝ ਮਸਤੀ ਵੀ ਏ

ਸੂਰਤ ਵੀ ਏ, ਨਖ਼ਰਾ ਵੀ ਏ
ਚਿਹਰੇ 'ਤੇ ਕੁਛ ਚਿੰਤਾ ਵੀ ਏ
ਪਲਕਾਂ 'ਚ ਕੁਛ ਕੁਛ ਨਮ ਵੀ ਏ
ਦਿਲ ਵਿਚ ਦਰਦ ਵੀ, ਗ਼ਮ ਵੀ ਏ

ਸੀਨੇ 'ਚ ਕੁਛ ਕੁਛ ਧੁਖ-ਧੁਖੀ
ਸੁਲ੍ਹਗਣ ਜਹੀ ਇਕ ਸੁਲਗਦੀ
ਮੱਧਮ ਜਿਹੀ ਇਕ ਸੜਨ ਹੈ
ਮਿੱਠੀ ਜਹੀ ਇਕ ਜਲਨ ਹੈ

ਕੁਛ ਘਰ ਦੀਆਂ ਵੀ ਸੋਚਾਂ ਨੇ
ਦੁਨੀਆਂ ਦੀਆਂ ਲੋਚਾਂ ਵੀ ਨੇ
ਦਿਲ ਵਿਚ ਕਈ ਨੇ ਆਉਂਦੀਆਂ
ਲੋੜਾਂ ਨੇ ਢੇਰ ਸਤਾਉਂਦੀਆਂ

ਥੋੜਾਂ ਪਈਆਂ ਤੜਫਾਉਂਦੀਆਂ
ਮੁੜ ਮੁੜ ਕੇ ਚੋਭਾਂ ਲਾਉਂਦੀਆਂ
ਚਿਹਰੇ 'ਤੇ ਦਿਲ ਪਿਆ ਹੱਸਦਾ
ਅੰਦਰ ਦੀਆਂ ਸਭ ਦੱਸਦਾ

ਅੱਖਾਂ ਦੇ ਰਾਹੀਂ ਬੋਲਦਾ
ਸਭ ਫੋਲਣੇ ਹੈ ਫੋਲਦਾ
ਪਾਣੀ ਨੂੰ ਦੁੱਖਾਂ ਦੀ ਕਥਾ
ਹੰਝੂ ਵਹਾ ਪਿਆ ਦਸਦਾ

ਹੰਝੂ ਅੰਗਾਰੇ ਅੱਗ ਨੇ
ਜਿੱਥੇ ਵੀ ਜਾਂਦੇ ਲੱਗ ਨੇ
ਪਾਣੀ 'ਤੇ ਛਾਲੇ ਪਾਂਵਦੇ
ਠੰਢੇ ਨੂੰ ਸਾੜ ਵਿਖਾਂਵਦੇ

ਇਹ ਕੌਣ ਹੋਵੇ ? ਕੀ ਪਤਾ ?
ਕੀ ਸੋਚਦੈ ? ਜਾਣੇ ਖ਼ੁਦਾ
ਇਹ ਕਲਮ ਦਾ ਸਰਦਾਰ ਹੈ
ਸਾਹਿਤ ਦਾ ਖ਼ਿਦਮਤਗਾਰ ਹੈ

ਇਹ ਪਾਰਖੂ ਏ ਹੁਸਨ ਦਾ
ਹਾਂ ਜੀ, ਇਹ ਦਾਤਾ ਸੁਖ਼ਨ ਦਾ
ਇਹ ਹੈ ਪੁਜਾਰੀ ਹੱਕ ਦਾ
ਕੁਦਰਤ ਦੇ ਕ੍ਰਿਸ਼ਮੇ ਤੱਕਦਾ

ਮਸਤੀ ਦਾ ਹੈ ਇਹ ਦੇਵਤਾ
ਦਾਤਾ ਖ਼ੁਸ਼ੀ ਦਾ ਨਿੱਤ ਦਾ

ਇਹ ਕਾਵਯ ਦਾ ਅਵਤਾਰ ਹੈ
ਰੂਹਾਂ ਦਾ ਪਾਲਣਹਾਰ ਹੈ
ਲੋਕਾਂ ਦੇ ਇਹ ਗ਼ਮ ਦੀ ਦਵਾ
ਜਿਸ ਨੂੰ ਗ਼ਮਾਂ ਆ ਘੇਰਿਆ
ਹੈ ਸੋਚਦਾ, "ਮੈਂ ਕੀ ਕਰਾਂ ?
ਕੁਛ ਕਰਾਂ, ਜਾਂ ਭੁੱਖਾ ਮਰਾਂ
"ਤੀਵੀਂ ਏਂ ਇਕ, ਦੋ ਬਾਲ ਨੇ
ਭੁੱਖੇ ਵਿਲਕਦੇ ਲਾਲ ਨੇ
ਪੈਸਾ ਨਾ ਪੱਲੇ ਇਕ ਹੈ
ਤੰਗੀ ਨੇ ਕੀਤਾ ਦਿਕ ਹੈ

"ਲੋੜਾਂ ਸਤਾਵਣ ਘਰ ਦੀਆਂ
ਮਗਰੋਂ ਨਾ ਲਹਿੰਦੀਆਂ ਮਰਦੀਆਂ
"ਘਰ ਵਿਚ ਨਹੀਂ ਕੁਛ ਲਭਦਾ
ਹੈ ਇਕੋ ਇਕ ਨਾਂ ਰੱਬ ਦਾ
"ਜਾਂ ਇਕ ਇਹ ਕਾਪੀ ਪਈ
ਜਾਂ ਆਹ ਇਕ ਪੈਨਸਲ ਹਈ
"ਇਹ ਸਾਥ ਮੇਰਾ ਨਿੱਤ ਦਾ
ਇਕ ਪਲਕ ਨਾ ਹੋਈਏ ਜੁਦਾ
"ਦਾਰੂ ਏ ਮੇਰੇ ਦੁੱਖ ਦਾ
ਕਾਰਨ ਏਂ ਦਿਲ ਦੇ ਸੁੱਖ ਦਾ
"ਆ ਪਯਾਰੀਏ ! ਤੈਂ ਗਲ ਲੱਗਾਂ
ਦੁੱਖਾਂ ਦੇ ਝੇੜੇ ਭੁੱਲ ਜਾਂ

"ਮਸਤੀ ਪੰਘੂੜੇ 'ਤੇ ਚੜ੍ਹਾ
ਅਰਸ਼ੀ ਹੁਲਾਰਾ ਦਿਹ ਜ਼ਰਾ"
ਬੱਸ ਖੋਲ੍ਹ ਕਾਪੀ ਬਹਿ ਗਿਆ
'ਸੀਤਲ' ਲਿਖਣ ਕੁਛ ਡਹਿ ਗਿਆ

੧੩-੧੧-੩੨

ਬਾਲ ਵਿਧਵਾ

ਨੋਟ :—ਪੇਕੇ ਘਰ ਏਸ ਦੀ ਮਾਂ ਮਤੇਈ ਸੀ ।]
ਤੇ ਅੱਗੇ ਸੱਸ ਵੀ ਮਤੇਈ ਹੈ।]

ਬਾਲ ਉਮਰ ਇਕ ਗੋਰੀ ਨਿਛੋਹ ਜੇਹੀ
ਬੁਸਕ ਬੁਸਕ ਹੌਲੀ ਹੌਲੀ ਰੋ ਰਹੀ ਸੀ
ਕੇਸਾਂ ਕਾਲਿਆਂ ਵਿਚ ਲੁਕੇ ਲੇਖ ਕਾਲੇ
ਹੰਝੂ ਘਿਉ-ਕਪੂਰੀ ਡੋਲ੍ਹ ਧੋ ਰਹੀ ਸੀ
ਬੁਝੇ ਕਿਸੇ ਦੇ ਸਿਵੇ ਦੀ ਸੁਆਹ ਤਾਈਂ
ਨਿਊਂ ਨਿਊਂ ਚੁੰਮਦੀ ਸੀ, ਸਦਕੇ ਹੋ ਰਹੀ ਸੀ
ਮੋਈ ਸੱਸ ਦੇ ਚਰਨਾਂ ਦੇ ਵਿਚ ਬੈਠੀ
ਵਿਧਵਾ-ਨੋਂਹ ਮਿਹਣੋ ਮਿਹਣੀ ਹੋ ਰਹੀ ਸੀ

ਉਠਿਆ ਸਿਵੇ ਦੇ ਸੀਨੇ 'ਚੋਂ ਵਾ-ਵਰੋਲਾ
ਉੱਡ ਉੱਡ ਭਬੂਤ ਸਿਰ ਪੈਣ ਲੱਗੀ
ਉਲਝੇ ਕੇਸ ਸੁਆਰਦੀ ਮੁੱਖੜੇ ਤੋਂ
ਹੱਥ ਚੁਕ ਦੋਵੇਂ ਇਉਂ ਕਹਿਣ ਲੱਗੀ
'ਐ ਅਸਮਾਨ ! ਹੁਣ ਰਹਿਮ ਕਰ, ਬੱਸ ਕਰ ਜਾ
ਸਤੇ ਹੋਇਆਂ ਨੂੰ ਹੋਰ ਸਤਾਈਦਾ ਨਹੀਂ
'ਅਜੇ ਬਾਲ ਆਂ ਮੈਂ, ਮੇਰੀ ਉਮਰ ਕੋਈ ਨਹੀਂ
ਥੋੜ-ਦਿਲਾਂ ਨੂੰ ਐਨਾ ਅਜ਼ਮਾਈਦਾ ਨਹੀਂ

'ਰੋਣਾ ਉਮਰ ਦਾ ਜਿੰਨ੍ਹਾਂ ਨੂੰ ਰੱਬ ਲਿਖਿਆ
ਚੋਭਾਂ ਲਾ ਲਾ ਹੋਰ ਰੁਆਈਦਾ ਨਹੀਂ
'ਧੁਖਦੀ ਸਤੀ ਦੀ ਚਿਖਾ ਦੇ ਵਾਂਗ ਹਾਂ ਮੈਂ
ਲੱਗੇ ਲੰਬੂਆਂ 'ਤੇ ਤੇਲ ਪਾਈਦਾ ਨਹੀਂ
'ਨਹੀਂ ਸਾਂ ਲੋਕਾਂ ਦੀਆਂ ਢੋਲੀਆਂ ਸਹਿਣ ਜੋਗੀ
ਜਦੋਂ ਮੌਤ ਨੇ ਖੋਹ ਲਈ ਮਾਂ ਮੇਰੀ

ਰਿਹਾ ਖੇਡਣਾ ਗੁੱਡੀਆਂ ਪਟੋਲ੍ਹਿਆਂ ਦਾ
ਨਾ ਰਹੀ ਵਿਚ ਸਹੇਲੀਆਂ ਥਾਂ ਮੇਰੀ
'ਅਜੇ ਲਿਖੇ ਸਨ ਲੇਖਾਂ ਵਿਚ ਦੁੱਖ ਬਾਕੀ
ਨਹੀਂ ਤਾਂ ਮਾਂ ਦੇ ਨਾਲ ਹੀ ਮੁੱਕ ਜਾਂਦੀ
ਜੰਮਦੇ ਸਾਰ ਮਤੇਈ ਦੇ ਵੱਸ ਪੈ ਗਈ
ਕਿਵੇਂ ਲਿਖੀ ਤਕਦੀਰ ਦੀ ਉੱਕ ਜਾਂਦੀ
ਝਿੜਕਾਂ, ਬੋਲੀਆਂ, ਢੋਲੀਆਂ ਭਾਅ ਪਈਆਂ
ਖਲੀ ਵਿਚ ਬਰੂਹਾਂ ਦੇ ਸੁੱਕ ਜਾਂਦੀ
"ਨਹੀਂ ਸੀ ਕਦਰ ਚੰਗੇਰ ਨੂੰ ਹੱਥ ਲਾਵਾਂ
ਕਿਤੇ ਰੱਬ ਕਰਾਏ ਦਾ ਟੁੱਕ ਪਾਂਦੀ

'ਲੋਕੋ ! ਮਰਨ ਮਤੇਈਆਂ ਤੇ ਜਿਉਣ ਮਾਂਵਾਂ
ਪਵੇ ਵੈਰੀ ਵੀ ਨਾ ਕੋਈ ਮਤੇਈ ਦੇ ਵੱਸ
'ਮੇਰੇ ਪਿਛਲਿਆਂ ਪਾਪਾਂ ਦੀ ਤਹਿ ਉਘੜੀ
ਸਹੁਰੇ ਘਰ ਵੀ ਪਈ ਕੇਕੇਈ ਦੇ ਵੱਸ
'ਸਹੁਰੇ ਘਰ ਸੁਪਨੇ ਵਾਂਗ ਸੁੱਖ ਡਿੱਠਾ
ਸੌ ਸੌ ਵਾਰ ਸਦੱਕੜੇ ਸੱਸ ਜਾਣਾ
'ਕਦੇ 'ਉਹਨਾਂ' ਵੀ ਅੱਖ ਚੁਰਾਇਕੇ ਤੇ
ਵੇਖ ਮੁਸਕੜੀਂ ਮੁਸਕੜੀਂ ਹੱਸ ਜਾਣਾ

'ਬਾਹਰੋਂ ਹਾਣੀਆਂ ਜਦੋਂ ਆਵਾਜ਼ ਦੇਣੀ
ਮੈਥੋਂ ਪੱਲਾ ਖਿਸਕਾਇਕੇ ਨੱਸ ਜਾਣਾ
'ਭਾਣਾ ਰੱਬ ਦਾ ਖਿੜੀ ਬਸੰਤ ਉੱਤੇ
ਗੜਾ ਕਹਿਰ ਦਾ ਅੰਬਰੋਂ ਵੱਸ ਜਾਣਾ
'ਮੌਤ ਚੰਦਰੀ ਨੇ ਕਰਨਾ ਚੌੜ ਮੈਨੂੰ
ਬੁਰਜ ਆਸ ਵਾਲਾ ਮੇਰਾ ਢਹਿ ਜਾਣਾ
'ਨੱਕੋਂ ਨੱਥ ਸੁਹਾਗ ਦੀ ਲਹਿ ਜਾਣਾ
ਕਰਕੇ ਸਬਰ ਮੈਂ ਤੱਤੀ ਨੇ ਸਹਿ ਜਾਣਾ

'ਫੇਰ ਮੈਂ ਜਾਣਾ, ਮੇਰਾ ਰੱਬ ਜਾਣੇ
ਜਿਹੜੀ ਸੱਸ ਮਤੇਈ ਨੇ ਅੱਤ ਚਾਈ
'ਮਿਹਣੇ, ਬੋਲੀਆਂ, ਗਾਲ੍ਹੀਆਂ, ਲੱਖ ਊਜਾਂ
ਵਾਹ ਲੱਗਦੀ ਨਾ ਛੱਡੇ ਕਸਰ ਕਾਈ

'ਇਕ ਦੁੱਖ ਦਿਲਦਾ, ਦੂਜੀ ਉਹ ਤਾਵੇ
ਤੱਤੀ ਜਾਨ ਇਹ ਮੌਤ ਦੇ ਮੂੰਹ ਆਈ
'ਕਿਤੇ ਆਣਕੇ ਦੁਖੀ ਦੀ ਸਾਰ ਲੈਂਦਾ
ਜੇਕਰ ਮਾਂ ਜਾਇਆ ਹੁੰਦਾ ਇਕ ਭਾਈ

'ਸਕੇ ਪਿਉ ਦੀਆਂ ਅੱਖੀਆਂ ਹੋਰ ਹੋਈਆਂ
ਜਦ ਦੀ ਲੁਕ ਗਈ ਤੱਤੀ ਨੂੰ ਜਣਨ ਵਾਲੀ
'ਲੈ ਗਈ ਦਿਲ ਦੀਆਂ ਸੱਧਰਾਂ ਦਿਲ ਅੰਦਰ
ਮੇਰੇ 'ਚੰਨ' ਦੀ ਵੀ ਅੰਮੀ ਬਣਨ ਵਾਲੀ

'ਮੈਨੂੰ ਕਿਸੇ ਦੇ ਰਹਿਮ ਦੀ ਲੋੜ ਨਹੀਂ ਹੁਣ
ਆਉਂਦੀ ਬੁੱਲ੍ਹੀਆਂ ਉਤੇ ਫ਼ਰਿਆਦ ਵੀ ਨਹੀਂ
'ਛਾਲੇ ਜਿਗਰ ਵਾਲੇ ਭਰ ਕੇ ਫਿੱਸ ਗਏ ਨੇ
ਦੁੱਖ ਨਹੀਂ ਭੁੱਲੇ, ਰਹੇ ਯਾਦ ਵੀ ਨਹੀਂ

'ਸੱਟਾਂ ਖਾ ਖਾ ਕੇ ਆਹਰਨ ਵਾਂਗ ਹੋਈਆਂ
ਮੇਰੇ ਦਿਲ ਤੋਂ ਸਖ਼ਤ ਫ਼ੌਲਾਦ ਵੀ ਨਹੀਂ
'ਮੇਰੀ ਆਹ ਦੀ ਅੱਗ ਤੋਂ ਮੌਤ ਕੰਬੇ
ਨੇੜੇ ਢੁੱਕਦੇ ਡਰਦੇ ਜਲਾਦ ਵੀ ਨਹੀਂ

'ਤੂੰ ਵੀ ਤੱਤੀਏ ਕਿਸਮਤੇ ! ਰਹੀਂ ਬਚ ਕੇ
ਮੇਰੀ ਆਹ ਤੋਂ ਬਚ ਕੇ ਖ਼ੁਦਾ ਨਿਕਲੂ
'ਮੈਨੂੰ ਕਸਮ ਰੱਬ ਦੀ, 'ਸੀਤਲ' ਸੜੇ ਦਿਲ 'ਚੋਂ
ਨਿਕਲੂ, ਜਦੋਂ ਨਿਕਲੂ, ਬੱਦੂਆ ਨਿਕਲੂ'

੬-੪-੩੩ ਈ.

ਲਾਲਨ ਦੀ ਯਾਦ

ਅੱਧੀ-ਕੁ ਬੀਤੀ ਰਾਤ ਸੀ, ਤਾਰੇ ਸੀ ਮੈਨੂੰ ਦੱਸਦੇ
ਰੋਂਦੀ ਨੂੰ ਮੈਨੂੰ ਵੇਖ ਕੇ ਖਿੜ ਖਿੜ ਸੀ ਭੈੜੇ ਹੱਸਦੇ
ਇਕ ਦੂਸਰੇ ਨੂੰ ਛੇੜ ਕੇ ਫਿਰ ਲੁਕਣ ਕਿਧਰੇ ਨੱਸਦੇ
ਇਉਂ ਹੱਸ ਰੱਸ ਕੇ ਵੱਸਦੇ ਸੀ ਦਿਲ ਮੇਰੇ ਨੂੰ ਖੱਸਦੇ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਜੋਬਨ ਸੀ ਪੂਰਾ ਚੰਦ 'ਤੇ ਲੈ ਹੁਸਨ ਫ਼ੌਜਾਂ ਆਵੰਦਾ
ਸੀ ਨੀਲੇ ਨੀਲੇ ਅੰਬਰਾਂ ਦੀਆਂ ਰੌਣਕਾਂ ਵਧਾਵੰਦਾ
ਨਿਉਂ ਨਿਉਂ ਕੇ ਝਾਤੀ ਪਾਵੰਦਾ, ਫਿਰਦਾ ਸੀ ਕੁਝ ਤਕਾਵੰਦਾ
ਕਾਨੀ ਕਿਸੇ ਨੂੰ ਲਾਵੰਦਾ, ਦਿਲ ਕਿਸੇ ਦਾ ਪਰਚਾਵੰਦਾ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਠੰਢੀ ਪੁਰੇ ਦੀ ਪੌਣ ਉਹ ਸੀ ਹੌਲੀ ਹੌਲੀ ਚੱਲਦੀ
ਸੁੱਤੀ ਕਿਸੇ ਮੁਟਿਆਰ ਨੂੰ ਪੱਖਾ ਪਈ ਸੀ ਝੱਲਦੀ
ਟੰਗੀ ਬਨੇਰੇ ਨਾਲ ਸੀ ਚੁੰਨੀ ਕਿਸੇ ਦੀ ਹੱਲਦੀ
ਲਾਗੇ ਹੀ ਹੈਸੀ ਝੂਮਦੀ ਟਹਿਣੀ ਫੁੱਲਾਂ ਦੀ ਵੱਲ ਦੀ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਉਸ ਰਾਤ ਦੀ ਚੁਪ-ਚਾਪ 'ਚੋਂ ਸੀ ਵਾਜ ਸ਼ਾਂ ਸ਼ਾਂ ਆਉਂਦੀ
ਪਹਿਰਾ ਸੀ ਰਾਣੀ ਨੀਂਦ ਦਾ ਦੇ ਲੋਰੀਆਂ ਸੁਆਉਂਦੀ
ਸੁੱਤੀ ਕਿਸੇ ਨੂੰ ਹੋਸ਼ ਨਾ ਪਾਸਾ ਨਹੀਂ ਪਰਤਾਉਂਦੀ
ਦੇਂਦੀ ਸੀ ਦੁੱਧੂ ਬਾਲ ਨੂੰ ਬੈਠੀ ਕਈ ਉਘਲਾਉਂਦੀ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਬੈਠੀ ਫੁੱਲਾਂ ਦੀ ਸੇਜ 'ਤੇ ਸੀ ਦਿਲ ਕੋਈ ਪਰਚਾਉਂਦੀ
ਤਕਦੀ ਕਦੇ ਉਤਾਂਹ ਨੂੰ ਝਾਤੀ ਕਦੇ ਠਾਂਹ ਪਾਉਂਦੀ
ਬੁਲਬੁਲ ਦੇ ਵਾਂਗੂੰ ਮਸਤ ਹੋ ਕੇ ਗੀਤ ਕੋਈ ਗਾਉਂਦੀ
ਬੈਠਾ ਸੀ ਉਸਦੇ ਕੋਲ ਮਾਹੀ, ਸਦਕੇ ਉਸ ਤੋਂ ਜਾਉਂਦੀ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਓਧਰ ਫੱਟੀ ਵਿਜੋਗ ਦੀ ਕੋਈ ਵਾਲ ਸਿਰ ਦੇ ਖੋਹਵੰਦੀ
ਛਮ ਛਮ ਸੀ, ਹੰਝੂ ਡੋਲ੍ਹਦੀ, ਰੋ ਰੋ ਕੇ ਫਾਵੀ ਹੋਵੰਦੀ
ਧਰ ਹੱਥ ਭੋਇੰ 'ਤੇ ਬੈਠਦੀ, ਫਿਰ ਕਦੇ ਉੱਠ ਖਲੋਵੰਦੀ
ਇਕ ਬਿਨਾਂ ਸੋਹਣੇ ਲਾਲ ਦੇ ਪਈ ਤਰਲੋ-ਮੱਛੀ ਹੋਵੰਦੀ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਮੰਦਰ 'ਚ ਵੱਜੀਆਂ ਟੱਲੀਆਂ, ਪਰਭਾਤ ਵੇਲਾ ਹੋ ਗਿਆ
ਮੁੱਲਾਂ ਵੀ ਦੇਵਣ ਬਾਂਗ ਧਰ ਕੰਨਾਂ 'ਤੇ ਹੱਥ ਖਲੋ ਗਿਆ
ਕੋਈ ਪਾਠ ਪੂਜਾ ਵਿਚ ਲੱਗਾ ਮਗਨ ਮਨ ਵਿਚ ਹੋ ਗਿਆ
ਇਕ ਗੱਭਰੂ ਇਸ ਰਾਹ ਵਿਚ ਐਥੇ ਖਲੋ ਕੇ ਰੋ ਗਿਆ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਕੁੰਗੂ ਦੀ ਵਗਦੀ ਨਦੀ ਇਕ ਖਹਿੰਦੀ ਅਟਾਰੀ ਨਾਲ ਸੀ
ਕੰਢੇ 'ਤੇ ਹਰਿਆਂ ਬੂਟਿਆਂ ਫੁੱਲਾਂ ਦਿਆਂ ਦੀ ਪਾਲ ਸੀ
ਭੋਛਨ-ਭਿੰਨੇ ਮੁਟਿਆਰ ਇਕ ਨਿਕਲੀ ਖਿਲਾਰੀ ਵਾਲ ਸੀ
ਮੈਲੀ ਸੀ ਹੁੰਦੀ ਜਾਪਦੀ ਲਗਦੀ ਜਾਂ ਫੁੱਲਾਂ ਨਾਲ ਸੀ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਚੋਟੀ 'ਤੇ ਫੁੱਲ ਗੁਲਾਬ ਦਾ ਬੈਠਾ ਸੀ ਖਿੜ ਖਿੜ ਹੱਸਦਾ
ਕਾਲਾ-ਕਲਿੱਟਾ ਭੌਰ ਇਕ ਭੁੱਖਾ ਉਸੇ ਦੇ ਰਸ ਦਾ
ਖਿਚਿਆ ਉਸੇ ਦੇ ਪ੍ਰੇਮ ਦਾ ਆ ਵਿਚ ਉਸਦੇ ਫਸਦਾ
ਇਕ ਖਲਾ ਕੋਲੇ ਵਖ ਕੇ ਬੁੱਲ੍ਹਾਂ ਦੇ ਵਿਚ ਵਿਚ ਹੱਸਦਾ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਇਕ ਵੱਲ ਹਰੀਆਂ ਸਾਵੀਆਂ ਜੰਗਲ ਦੇ ਵਿਚ ਵਣੋਟੀਆਂ
ਜਿਨ੍ਹਾਂ 'ਚ ਭਜ ਭਜ ਲੁਕਦੀਆਂ ਲਾ ਚੁੰਗੀਆਂ ਹਰਨੋਟੀਆਂ
ਇਕ ਵੱਲ ਬਰਫਾਂ ਢੱਕੀਆਂ ਉਹ ਪਰਬਤਾਂ ਦੀਆਂ ਚੋਟੀਆਂ
ਕੋਈ ਨੀਂਵੀਂਆਂ, ਕੋਈ ਉੱਚੀਆਂ, ਕੋਈ ਵੱਡੀਆਂ, ਕੋਈ ਛੋਟੀਆਂ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਚੜ੍ਹਦੇ 'ਚ ਸੂਰਜ ਹੁਰੀਂ ਵੀ ਚੜ੍ਹ ਪਏ ਸੀ ਲਿਸ਼ਕਾਂ ਮਾਰਦੇ
ਚਕਵੀ ਤੇ ਚਕਵੇ ਵਿਛੜਿਆਂ ਦੇ ਸੀਨਿਆਂ ਨੂੰ ਠਾਰਦੇ
ਧਰਤੀ 'ਤੇ ਸਾਰੇ ਵਿਛੇ ਪਏ ਸੀ ਫ਼ਰਸ਼ ਸਬਜ਼ਾ-ਜ਼ਾਰ ਦੇ
ਮੋਤੀ ਸੀ ਸੁੱਚੇ ਖਿੰਡੇ ਪਏ ਟੁੱਟੇ ਕਿਸੇ ਦੇ ਹਾਰ ਦੇ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਇਕ ਢੇਰ ਵੱਡਾ ਛੰਭ ਸੀ ਭਰਪੂਰ ਠਾਠਾਂ ਮਾਰਦਾ
ਕੰਢੇ 'ਤੇ ਆ ਕੇ ਬੈਠਣਾ ਉਹ ਬਗਲਿਆਂ ਦੀ ਡਾਰ ਦਾ
ਇਕ ਵੱਲ ਫੁੱਲਾਂ ਲੱਦਿਆ ਬੂਟਾ ਖਲਾ ਚਨਾਰ ਦਾ
ਦਿਸਦਾ ਸੀ ਪਾਣੀ ਵਿਚ ਦੀ ਸੂਰਜ ਦੂੱਜੇ ਸੰਸਾਰ ਦਾ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਕੰਢੇ ਦੇ ਉੱਤੇ ਛੰਭ ਦੇ ਇਕ ਵੱਲ ਬਾਰਾਂਦਰੀ ਸੀ
ਜਾਣੋ ਲਿਆ ਕੇ ਸੁਰਗ 'ਚੋਂ ਓਵੇਂ ਹੀ ਓਥੇ ਧਰੀ ਸੀ
ਉੱਤੇ ਬਲੌਰੀ ਸਾਜ਼ ਸੀ, ਹੇਠਾਂ ਵਿਛਾਈ ਜ਼ਰੀ ਸੀ
ਲੈ ਸਮਝ, ਓਥੇ ਮੁਕੱਦੀ ਦੁਨੀਆਂ ਦੀ ਕਾਰਾਗਰੀ ਸੀ
ਓਦੋਂ ਵੀ ਮੇਰੇ ਲਾਲਨਾ ! ਇਸ ਦਿਲ 'ਚ ਤੇਰੀ ਯਾਦ ਸੀ

ਬੈਠੀ ਸੀ ਰਾਣੀ ਹੁਸਨ ਦੀ ਜੋਬਨ ਉਦ੍ਹਾ ਡੁੱਲ੍ਹ ਰਿਹਾ ਸੀ
ਉਹ ਸੁੰਦਰਤਾ ਦਾ ਬਾਗ਼ ਸਾਰਾ ਉਸੇ ਛਿਨ ਖਿੜ ਪਿਆ ਸੀ
ਮਸਤੀ ਦੀ ਆਈ ਮਹਿਕ ਸੀ, ਜੋ ਯਾਦ ਸੀ, ਭੁੱਲ ਗਿਆ ਸੀ
ਓਦੋਂ ਵੇਖੇ ਨਾ 'ਸੀਤਲਾ' ਕੁਝ ਦਿਲ ਨੂੰ ਰੁੱਗ ਜਿਹਾ ਪਿਆ ਸੀ
ਐਪਰ ਓਦੋਂ ਵੀ ਲਾਲ ਜੀ ! ਦਿਲ ਵਿਚ ਤੇਰੀ ਹੀ ਯਾਦ ਸੀ

੮-੫-੩੨

ਬਈ ਵਾਹ

ਦੋ ਸੌ ਤੇਰਾਂ ਦੀ ਸਾਉਣੀ ਕੁੱਲ ਹੋਈ
ਆਇਆ ਮਾਮਲਾ ਇਕ ਸੌ ਪੰਜਾਹ, ਬਈ ਵਾਹ
ਵਿਕਿਆ ਤੋਰੀਆ ਦੋਂਹ 'ਤੇ ਦਸੀਂ ਆਨੀਂ
ਡੂਢ ਪੈਸੇ 'ਤੇ ਪੰਜੀਂ ਕਪਾਹ, ਬਈ ਵਾਹ
ਆੜ੍ਹਤ ਵਾਲਿਆਂ ਪਿਛਲਾ ਹਿਸਾਬ ਕਰ ਕੇ
ਅੱਸੀ ਕੱਟ ਕੇ ਆਖਿਆ: "ਜਾਹ", ਬਈ ਵਾਹ
ਗਿਣ ਕੇ ਰਕਮ ਦੁਕਾਨ 'ਤੋਂ ਉੱਠਿਆ ਸੀ
ਲੈ ਕੇ ਵਹੀ ਤੇ ਆਗਿਆ ਸ਼ਾਹ, ਬਈ ਵਾਹ
ਕਹਿੰਦਾ: "ਮੇਰਾ ਹਿਸਾਬ ਨਿਬੇੜ ਜਾਣਾ
ਤੁਸਾਂ ਲੋਕਾਂ ਦਾ ਕੋਈ ਨਹੀਂ ਵਿਸਾਹ, ਬਈ ਵਾਹ
"ਪਿਛਲੀ ਰਹਿੰਦੀ ਏ ਕਿਸ਼ਤ ਪੰਝੱਤਰਾਂ ਦੀ
ਨੱਬੇ ਸੱਟ, ਦੇਨਾਂ ਨਾਂਵਾਂ ਲਾਹ, ਬਈ ਵਾਹ
"ਲਾਲੇ ਹੋਰਾਂ ਸੀ ਸੱਠਾਂ ਦਾ ਭਾਨ ਦਿਤਾ
ਤੇਰੇ ਬਾਪੂ ਦਾ ਸੀ ਜਾਂ ਵਿਆਹ, ਬਈ ਵਾਹ
"ਬਣਿਆਂ ਮਾਲਕ ਤੂੰ ਜੀਹਦੀ ਜ਼ਮੀਨ ਦਾ ਏਂ
ਉਹਦਾ ਕਰਜ਼ ਵੀ ਖ਼ਾਲਸਾ ! ਲਾਹ, ਬਈ ਵਾਹ"
ਬੀਬਾ ਬਣ ਕੇ ਉਸ ਨੱਬੇ ਈ ਤਾਰ ਦਿਤੇ
ਉੱਚੀ ਰਤਾ ਨਾ ਕੱਢਿਆ ਸਾਹ, ਬਈ ਵਾਹ
ਪੌਲੀ ਮੋੜਦੇ ਸ਼ਾਹ ਨੇ ਕਿਹਾ ਅੱਗੋਂ
"ਲੌ ਸਰਦਾਰ ਜੀ, ਛਕ ਲਵੋ ਚਾਹ, ਬਈ ਵਾਹ

"ਤੁਸਾਂ ਅਸਾਂ ਦੀ ਮੁਢੋਂ-ਲਾ ਬਣੀ ਆਈ
ਹੁੰਦਾ ਰਿਹਾ ਏ ਚੰਗਾ ਨਿਰਬਾਹ, ਬਈ ਵਾਹ
"ਬਿਨਾਂ ਸ਼ਾਹ ਦੇ ਜੱਟ ਦੀ ਪਤ ਕੋਈ ਨਹੀਂ
ਜੱਟਾਂ ਬਿਨਾਂ ਕਿਸ ਕਾਰ ਦੇ ਸ਼ਾਹ", ਬਈ ਵਾਹ

ਸ਼ਾਹ ਨੂੰ ਵਿਦਾ ਕਰ, ਟਕੇ ਦੀਆਂ ਰਿਊੜੀਆਂ ਲੈ
ਫੜਿਆ ਖ਼ਾਲਸੇ ਪਿੰਡ ਦਾ ਰਾਹ, ਬਈ ਵਾਹ

ਪਿੰਡ ਵੜਦਿਆਂ ਕਿਹਾ ਹਟਵਾਣੀਏਂ ਨੇ
"ਵੇਚ ਆਇਐਂ, ਸਰਦਾਰਾ ! ਕਪਾਹ, ਬਈ ਵਾਹ

ਦਮੜੇ ਤੀਹ-ਕੁ ਰਹਿੰਦੇ ਸੀ 'ਬੀ' ਵਾਲੇ
ਲਾਇਆ ਸੂਦ ਨਹੀਂ, ਰੱਬ ਗਵਾਹ", ਬਈ ਵਾਹ

ਉਹ ਵੀ ਦੇਂਦਿਆਂ ਜੱਟ ਨਾ 'ਹੂੰ' ਕੀਤੀ
ਨਾਲ ਡਾਢਿਆਂ ਪੈ ਗਿਆ ਵਾਹ, ਬਈ ਵਾਹ

ਘਰ ਵੜਦਿਆਂ ਜੱਟੀ ਨੇ ਪੁੱਛਿਆ ਜਾਂ
ਤੇਰਾਂ ਬਾਕੀ ਦੇ ਮਾਰੇ ਵਗਾਹ, ਬਈ ਵਾਹ

"ਲੈ ਆਹ ਰਗੜ ਕੇ ਮੱਥੇ 'ਤੇ ਲੇਪ ਕਰ ਲੈ
ਹੁੰਦੀ ਪਈ ਸੀ ਕਪਾਹ-ਕਪਾਹ, ਬਈ ਵਾਹ
"ਰੱਖੋ ਸਾਂਭ ਕੇ ਅਗਾਂਹ ਨੂੰ ਕੰਮ ਆਸਣ
ਖੱਟੀ ਸਾਲ ਦੀ ਆਈ ਊ ਆਹ, ਬਈ ਵਾਹ
"ਤਾਰੋ ਮਾਮਲਾ 'ਸੀਤਲਾ' ਕਰਜ਼ ਲੈ ਕੇ
ਆਉਂਦੇ ਸਮੇਂ ਨੂੰ ਦਿਆਂਗੇ ਲਾਹ" ਬਈ ਵਾਹ

੧੮-੩-੩੪

ਮੈਨੂੰ ਤੇਰੀ ਸਹੁੰ

ਬਾਹਰੋਂ ਆਉਂਦੇ ਗੱਭਰੂ ਹਰਨਾਲੀ ਲਾਹੁਣ ਲੱਗੇ ਤਾਈਂ
ਚਾਈਂ ਚਾਈਂ ਕਹਿਣ ਲੱਗੀ ਨਾਰ, "ਮੈਨੂੰ ਤੇਰੀ ਸਹੁੰ

ਵੇਖ ਅੱਜ ਕੱਚ ਦੀਆਂ ਚੂੜੀਆਂ ਚੜ੍ਹਾਈਆਂ ਨੇ ਮੈਂ
ਦੋਹੀਂ ਹੱਥੀਂ ਜੋੜੇ ਚਾਰ ਚਾਰ, ਮੈਨੂੰ ਤੇਰੀ ਸਹੁੰ

ਇਹਨਾਂ ਦੇ ਮੈਂ ਚਾਅ ਅੱਜ ਸਾਰਾ ਦਿਨ ਕੱਤਦੀ ਰਹੀ
ਛੱਲੀਆਂ ਦਾ ਭਰ ਲਿਆ ਪਟਾਰ, ਮੈਨੂੰ ਤੇਰੀ ਸਹੁੰ

ਅੱਜ ਤਾਂ ਮੈਂ ਜੋਟਿਆਂ ਦਾ ਛੱਜ ਸਾਰਾ ਕੱਤ ਲਿਆ
ਅੱਗੇ ਨਹੀਂ ਸੀ ਪਾਈ ਕਦੇ ਤਾਰ, ਮੈਨੂੰ ਤੇਰੀ ਸਹੁੰ

ਜਦੋਂ ਅੱਜ ਪਾਉਂਦੀ ਸਾਂ ਤੰਦ—ਸੱਚੀਂ—ਤੱਕਲੇ 'ਤੇ
ਮਲਕੜੇ ਜਹੇ ਬਾਂਹ ਨੂੰ ਉਲਾਰ, ਮੈਨੂੰ ਤੇਰੀ ਸਹੁੰ

ਚਰਖ਼ੇ ਦੀ 'ਘੂੰ ਘੂੰ' ਨਾਲ ਇਹਨਾਂ ਚੂੜੀਆਂ ਦਾ
'ਛਣਨ ਛਣਨ' ਪੈਂਦਾ ਸੀ ਛਣਕਾਰ, ਮੈਨੂੰ ਤੇਰੀ ਸਹੁੰ

ਵੰਗੜੀਆਂ ਦੇ ਚਾਅ ਮੈਨੂੰ ਰੋਟੀ ਵੀ ਨਾ ਯਾਦ ਰਹੀ
ਭੁੱਖੀ ਨੂੰ ਹੀ ਢਲ ਗਈ ਦੁਪਾਹਰ, ਮੈਨੂੰ ਤੇਰੀ ਸਹੁੰ

ਦੂਜੀਆਂ ਨੇ ਸਾਰੀਆਂ ਨੇ ਪੰਜੀਂ ਪੈਸੀਂ ਜੋੜਾ ਲਿਆ
ਮੈਂ ਉਹਨੂੰ ਦਿਤੇ ਸਈ ਚਾਰ ,ਮੈਨੂੰ ਤੇਰੀ ਸਹੁੰ

ਆਨੇ ਜੋੜਾ, ਧੇਲੀ ਦੀ, ਰੁਪਈਏ ਮਣ ਦੇ ਹਿਸਾਬ
ਬਾਰਾਂ ਸੇਰ ਦਿਤੀ ਸਈ ਜੁਆਰ, ਮੈਨੂੰ ਤੇਰੀ ਸਹੁੰ
ਭਾਈ ਨੂੰ ਮੈਂ ਆਖ ਰਹੀ, ਸਵੇਰੇ ਆ ਕੇ ਲੈਜੀਂ ਪੈਸੇ
ਉਹ ਨਹੀਂ ਸੀ ਕਰਦਾ ਉਧਾਰ, ਮੈਨੂੰ ਤੇਰੀ ਸਹੁੰ
ਆਹ ਵੇਖ ਸ਼ੀਸ਼ੇ ਸੱਤਾਂ ਰੰਗਾਂ ਦੇ ਨੇ ਲੱਗੇ ਹੋਏ
ਵੰਨੋ-ਵੰਨੀ ਮਾਰਦੇ ਚਮਕਾਰ, ਮੈਨੂੰ ਤੇਰੀ ਸਹੁੰ
ਭਾਬੋ ਕੋਲੋਂ ਕਹਿਣ ਲੱਗੀ, "ਚੂੜੀਆਂ 'ਤੇ ਬੱਸ ਨਹੀਓਂ
ਚੁੰਗਾਂ ਇਹਨੇ ਸੱਟੀਆਂ ਈਂ ਚਾਰ, ਮੈਨੂੰ ਤੇਰੀ ਸਹੁੰ
ਹੱਟੀਓਂ ਜਲੇਬੀਆਂ ਮੰਗਾ ਕੇ ਇਹਨੇ ਖਾਧੀਆਂ ਈਂ
ਪੀਤਾ ਸਾਸੂ ਦੁੱਧ ਛਾਂਵੇਂ ਠਾਰ, ਮੈਨੂੰ ਤੇਰੀ ਸਹੁੰ
ਭਰੀ ਝੋਲੀ ਹੱਟੀ ਨੂੰ, ਮਖਾਣੇ ਨਿੱਤ ਚੱਬਦੀ ਏ
ਸੁੱਟਦੀ ਏ ਦਾਣੇ ਬਾਈ ਵਾਰ, ਮੈਨੂੰ ਤੇਰੀ ਸਹੁੰ
ਲਾਡਲੀ ਜੁ ਰੱਖੀ ਹੋਈ ਉ, ਤਾਰ ਦੇਗੀ—ਬੀਬਾ—ਤੈਨੂੰ
ਲੋਕਾਂ ਨਾਲੋਂ ਛਿੰਦੀ ਤੇਰੀ ਨਾਰ, ਮੈਨੂੰ ਤੇਰੀ ਸਹੁੰ"
ਮਾਰ ਕੇ ਪਰਾਣੀ ਮੁੰਡੇ ਵੰਗੜੀਆਂ ਨੂੰ ਚੂਰ ਕੀਤਾ
ਇਕ ਦੀਆਂ ਹੋਈਆਂ ਚਾਰ ਚਾਰ ਮੈਨੂੰ ਤੇਰੀ ਸਹੁੰ
"ਚੁਗ ਲੈ ਇਹ ਡੱਕਰੇ ਤੇ ਝੋਲੀ ਵਿਚ ਪਾ ਲੈ ਸਭੇ
ਪੇਕਿਆਂ ਨੂੰ ਹੋ ਜਾ ਤਿਆਰ, ਮੈਨੂੰ ਤੇਰੀ ਸਹੁੰ
ਐਹੋ ਜਹੇ ਸੁਹਾਗ ਤੋਂ ਮੈਂ ਸੱਖਣਾ ਹੀ ਚੰਗਾ ਹਾਂ
ਤੂੰ ਮਾਪਿਆਂ ਦਾ ਮੱਲ ਜਾ ਕੇ ਬਾਰ, ਮੈਨੂੰ ਤੇਰੀ ਸਹੁੰ"
ਚੁਗ ਚੁਗ ਡੱਕਰੇ ਉਹ ਛਾਤੀ ਨਾਲ ਲਾਉਂਦੀ
ਤੇ ਭੰਨ ਭੰਨ ਕੱਢਦੀ, ਪਿਆਰ, "ਮੈਨੂੰ ਤੇਰੀ ਸਹੁੰ
ਚੂੜੀਆਂ ਨਾ ਭੰਨਦੋਂ ਤੇ ਹੋਰ ਜਿੱਥੇ ਮਰਜੀ ਸਈ
ਇਕ ਦੀਆਂ ਦਸ ਲੈਂਦੋਂ ਮਾਰ, ਮੈਨੂੰ ਤੇਰੀ ਸਹੁੰ

ਚੂੜੀਆਂ ਦੇ ਡੱਕਰੇ ਮੈਂ ਪੇਕਿਆਂ ਨੂੰ ਨਾਲ ਲੈ ਜਾਊਂ
ਮਾਂ ਨੂੰ ਵਿਖਾਊਂ ਤੇਰੀ ਕਾਰ, ਮੈਨੂੰ ਤੇਰੀ ਸਹੁੰ''

ਉਹਨੂੰ ਤੋਰ ਪੇਕਿਆਂ ਨੂੰ, ਆਟਾ ਲੈ ਕੇ ਗਿਆ ਮੁੰਡਾ
''ਭਾਬੀ ! ਲਾ ਦਿਹ ਰੋਟੀ, ਜਾਣੈ ਬਾਹਰ, ਮੈਨੂੰ ਤੇਰੀ ਸਹੁੰ''

ਭਾਬੋ ਅੱਗੋਂ ਜਾਵੰਦੇ ਨੂੰ ਠੋਕ ਕੇ ਜਵਾਬ ਦਿੱਤਾ
''ਨਿਭਦਾ ਨਹੀਂ ਸਾਥੋਂ ਐਨ੍ਹਾ ਭਾਰ, ਮੈਨੂੰ ਤੇਰੀ ਸਹੁੰ

ਖਾਣ ਦਾ, ਖੁਆਉਣ ਦਾ, ਪਕਾਉਣ ਦਾ ਸ਼ਰੀਕੇ ਵਿਚ
ਮਿਹਣਾ ਮਾਰੂ, ਬੀਬਾ ! ਤੇਰੀ ਨਾਰ, ਮੈਨੂੰ ਤੇਰੀ ਸਹੁੰ

ਜਾਹ ਖਾਂ, ਜਾ ਕੇ ਟੱਬਰ ਨੂੰ ਲੈ ਆ, ਕਾਹਨੂੰ ਔਖਾ ਹੁੰਦੈਂ
ਨਿੱਤ ਕਿਹੜਾ ਕਰੂ ਤੇਰੀ ਕਾਰ ? ਮੈਨੂੰ ਤੇਰੀ ਸਹੁੰ''

ਮਗਰੇ ਈ ਗਿਆ ਮੁੰਡਾ ਗੁੱਡੀ ਪਿੱਛੇ ਡੋਰ ਵਾਂਗੂੰ
ਜਾ ਆਂਹਦੈ ''ਸਤਿ ਕਰਤਾਰ, ਮੈਨੂੰ ਤੇਰੀ ਸਹੁੰ

ਆਹ ਲੈ ਰੁਪਈਏ, ਤੇਰੀਆਂ ਕੱਚ ਦੀਆਂ ਭੰਨੀਆਂ ਸੀ
ਸੋਨੇ ਦੀਆਂ ਬਣਾ ਲੈ ਵਲਦਾਰ, ਮੈਨੂੰ ਤੇਰੀ ਸਹੁੰ

'ਸੀਤਲ' ਤੂੰ ਜਿੱਤੀਓਂ, ਮੈਂ ਹਾਰਿਆ, ਪਰ ਘਰ ਚੱਲ
ਉਠ, ਹੁਣ ਤਾਂ ਮੰਨ ਲਈ ਏ ਹਾਰ, ਮੈਨੂੰ ਤੇਰੀ ਸਹੁੰ''

੧੨-੯-੩੨

'ਸੌਂਕਣ ਵਸੇਬਾ'

ਪਹਿਲੇ ਟੱਬਰੋਂ ਕੋਈ ਨਾ ਬਾਲ ਹੋਇਆ
ਝੰਡਾ ਸਿੰਹੁ ਨੇ ਦੂਸਰੀ ਵਿਆਹ ਆਂਦੀ
ਸਾਢੇ-ਤਿੰਨ ਹਜ਼ਾਰ ਦਾ ਤਾਰ ਕੇ ਬਿੱਲ
ਤੀਆਂ ਖੇਡਦੀ ਪਰੀ ਇਕ ਫਾਹ ਆਂਦੀ
ਇਕੋ ਅੱਖ ਹੀ ਤਿੰਨ ਹਜ਼ਾਰ ਦੀ ਏ
ਬੁੱਢੇ ਨਾਰ ਸਵੱਲੜੇ ਭਾਅ ਆਂਦੀ
ਪਹਿਲੀ ਨਾਰ ਸੂ ਵੱਧ ਫ਼ਰੇਸਤੀ ਤੋਂ
ਆਪ ਭੂਤਨਾ ਤੇ ਇਹ ਬਲਾ ਆਂਦੀ

ਵਾਹ ਵਾਹ ਹੋਈ ਵਾਹ ਵਾਹ ਸਾਰੇ
ਬੁੱਢੇ ਧੌਲਿਆਂ ਨਾਲ ਵਿਆਹ ਕੀਤਾ
ਲੋਕੀਂ ਆਖਦੇ ਹੁਣ ਝੁੱਗਾ ਵੱਸ ਪਏਗਾ
ਇਹ ਨਹੀਂ ਜਾਣਦੇ ਹੱਥੀਂ ਤਬਾਹ ਕੀਤਾ

ਮੁੰਡੇ ਖ਼ਰਚ ਵੱਲੋਂ ਕੋਈ ਨਾ ਕਸਰ ਛੱਡੀ
ਗਿਆ ਚਾਂਦੀ ਲੁਟਾਈ ਜੁਆਰ ਦੇ ਭਾਅ
ਗਹਿਣਾ ਰੱਜ ਪਾਇਆ, ਗਹਿਣੇ ਪੈਣ ਜੋਗੇ
ਗਹਿਣੇ ਪਾਇਕੇ ਪੈਲੀ ਬਾਜ਼ਾਰ ਦੇ ਭਾਅ
ਉੱਡਿਆ ਦਾਰੂ ਪਿਆਲਾ ਵੀ ਜੀ ਆਇਆ
ਵਿਕੀਆਂ ਬੋਤਲਾਂ ਨਕਦ ਉਧਾਰ ਦੇ ਭਾਅ
ਮੌਜਾਂ ਲੈ ਰਹੇ ਸਨ ਮੌਜਾਂ ਲੈਣ ਵਾਲੇ
ਪਿਛੋਂ ਬਣੂੰ ਸੋ ਬਣੂੰ ਸਰਦਾਰ ਦੇ ਭਾਅ

ਵੀਹ-ਵੀਹ ਕੋਹ ਪਿੰਡਾਂ ਵਿਚ ਧੁੰਮ ਪੈ ਗਈ
ਜੇਹੜੀ ਜੱਟ ਢੁਕਾਅ 'ਤੇ ਸੂਟ ਕੀਤੀ
ਗਿਆ ਲੁੱਟਿਆ ਲੁੱਟ ਦੇ ਮਾਲ ਵਾਂਗੂੰ
ਪੂੰਜੀ ਕੁੱਲ ਵਡੱਪ ਨੇ ਲੁੱਟ ਲੀਤੀ
ਖ਼ੈਰ, ਹੋ ਗਿਆ ਵਿਆਹ, ਕੁਛ ਲੰਘ ਗਏ ਦਿਨ
ਬੁੱਢੇ ਆਣ ਮੁਕਲਾਵੇ 'ਤੇ ਜ਼ੋਰ ਦਿਤਾ
ਅਗਲੇ ਸਾਈਂ ਨਾ ਵਿਹੜੇ 'ਚ ਛੋਹਣ ਦੇਂਦੇ
ਮੁੰਡੇ ਮਾਰੀ ਦੇ ਸੱਤ ਸੌ ਹੋਰ ਦਿਤਾ
ਅੱਗੋਂ ਉਹਨਾਂ ਨੇ ਸੱਦ ਕੇ ਸਾਕ ਸਾਰੇ
ਚੰਦ ਕੌਰ ਨੂੰ ਸਾਹੁਰੇ ਤੋਰ ਦਿਤਾ
ਚੰਗੀ ਕੀਤੀ ਭਰਾਵਾਂ ਦੇ ਮਿਲਨ ਵਾਲੀ
ਭਾਂਡੇ ਪੰਜ ਤੇ ਇਕ ਤਿਉਰ ਦਿਤਾ
ਨਵੀਂ ਨਵੀਂ ਆਈ ਚੰਦ ਕੌਰ ਤਾਈਂ
ਸੋਭੀ ਨੱਕ ਚੜ੍ਹਾਇਕੇ ਇਉਂ ਕਹਿੰਦੀ
"ਆਖ਼ਰ ਅੱਧ ਦਾ ਤਾਂ ਬੀਬੀ ! ਪਊ ਕਰਨਾ
ਤੇਰੇ ਹੱਥਾਂ ਦੀ ਮਹਿੰਦੀ ਤਾਂ ਨਹੀਂ ਲਹਿੰਦੀ"

ਦੋਵੇਂ ਰਹਿਣ ਲਗੀਆਂ, ਲੜਨ-ਭਿੜਨ ਲੱਗੀਆਂ
ਬੇੜੀ ਇਕ ਤੇ ਆਗੂ ਮਲਾਹ ਨੇ ਦੋ
ਹਰ ਇਕ ਘੂਰਦੀ ਏ ਲਹਿਣੇਦਾਰ ਵਾਂਗੂੰ
ਸਾਮੀ ਇਕ ਤੇ ਜਿਸ ਤਰਾਂ ਸ਼ਾਹ ਨੇ ਦੋ
ਉਹਨਾਂ ਸਿੰਘ ਨੂੰ ਨੱਥਿਆ ਵਾਂਗ ਸੰਢੇ
ਨਹੀਂ ਜੀ, ਗਲ ਵਿਚ ਪਏ ਹੋਏ ਫਾਹ ਨੇ ਦੋ
ਲੋਕੀਂ ਕਹਿਣ "ਹੁਣ, ਬੱਚੂ ਜੀ ! ਪਤਾ ਲੱਗੂ
ਤੂੰ ਵੀ ਆਹੰਦਾ ਸੈਂ ਕਰਨੇ ਵਿਆਹ ਨੇ ਦੋ"
ਦੋਹਾਂ ਹਾਕਮਾਂ ਦਾ ਨੌਕਰ ਇਕ ਹੋਵੇ
ਉਹਦੀ ਜਾਨ ਤਸੀਹੇ ਨੂੰ ਫੜੀ ਰਹਿੰਦੀ

ਉਹਨੇ ਔਂ ਕਹਿਣਾ, ਉਹਨੇ ਔਂ ਕਹਿਣਾ
ਜਿੰਦ ਅੱਧ ਵਿਚਾਲੇ ਹੀ ਅੜੀ ਰਹਿੰਦੀ

ਹੋਇਆ ਹੁਕਮ ਕਿ "ਸੰਗਤਰੇ ਖਾਵਣੇ ਨੂੰ
ਜੇ ਲਿਆਵੇਂ, ਤਾਂ ਬੋਲਿਆ ! ਦੋ ਲਿਆਵੀਂ
ਚਲਿਐਂ ਸ਼ਹਿਰ, ਸਲੀਪਰ ਹੰਢਾਵਣੇ ਨੂੰ
ਜੇ ਲਿਆਵੇਂ, ਤਾਂ ਬੋਲਿਆ ! ਦੋ ਲਿਆਵੀਂ
ਕੋਕੇ ਨੱਕ ਦਾ ਸੁਹਜ ਵਧਾਵਣੇ ਨੂੰ
ਜੇ ਲਿਆਵੇਂ, ਤਾਂ ਬੋਲਿਆ ! ਦੋ ਲਿਆਵੀਂ
ਸੂਟ ਗਰਮ ਸਿਆਲ ਦੇ ਪਾਵਣੇ ਨੂੰ
ਜੇ ਲਿਆਵੇਂ ਤਾਂ ਬੋਲਿਆਂ ਦੋ ਲਿਆਵੀਂ
ਨਹੀਂ ਤਾਂ ਆਉਂਦੇ ਨੂੰ ਘਰ ਨਹੀਂ ਵੜਨ ਦੇਣਾ
ਸ਼ਹਿਰੋਂ ਖਾ ਆਵੀਂ, ਪੈ ਰਹੀਂ ਗੁਰਦੁਆਰੇ
ਸੱਚ, ਛਿੰਗ ਤਵੀਤ ਵੀ ਲਈ ਆਵੀਂ
ਐਪਰ ਦੋ ਲਿਆਵੀਂ, ਇਕੋ ਜਹੇ ਭਾਰੇ"

ਇਕ ਦਿਨ ਸੋਭੀ ਨੇ ਆਖਿਆ, "ਪਿਉ-ਪਿੱਟਿਆ
ਤੇਰੀ ਚੰਦੋ-ਸੜਦੋ ਨਹੀਂ ਰਹਿਣ ਦੇਂਦੀ
ਮੈਂ ਤਾਂ ਚੁੱਪ ਕਰਕੇ ਸਭੇ ਸਹਿ ਰਹੀ ਸਾਂ
ਪਰ ਉਹ ਜਣਦਿਆਂ-ਖਾਣੀ ਨਹੀਂ ਸਹਿਣ ਦੇਂਦੀ
ਤੇਰੀ ਸ਼ਰਮ ਨੂੰ ਬੈਠੀ ਸਾਂ ਵਿਚ ਖੋਲੇ
ਪਰ ਉਹ ਲੂਹੜਿਆਂ-ਪਿਟੀ ਨਹੀਂ ਬਹਿਣ ਦੇਂਦੀ
ਮੈਂ ਤਾਂ ਸੋਚਦੀ ਸਾਂ ਝੁੱਗਾ ਵੱਸਦਾ ਰਹਿ
ਪਰ ਉਹ ਵੱਸਦਾ ਕਦੇ ਨਹੀਂ ਰਹਿਣ ਦੇਂਦੀ
ਬੱਸ, ਜਾਂ ਓਸ ਨੂੰ ਤੋਰ ਦੇ ਪੇਕਿਆਂ ਨੂੰ
ਤੇ ਜਾਂ ਮੈਨੂੰ ਇਕ ਦਿਨ ਘਰੋਂ ਕੱਢ ਦੇ ਖਾਂ
ਅੱਗੇ-ਪਿੱਛੇ ਜੁ ਇਕ ਨੂੰ ਛੱਡਣਾ ਈਂ
ਤਾਂ ਫਿਰ ਅੱਜੋ ਹੀ ਇਕ ਨੂੰ ਛੱਡ ਦੇਹ ਖਾਂ"

ਝੰਡਾ ਸਿਹੁੰ ਹੁਣ ਸੋਚਦਾ, ਕੀ ਕਰੀਏ ?
ਇਹਨੂੰ ਰੱਖਾਂ, ਤਾਂ ਉਹ ਘਰੋਂ ਜਾਵੰਦੀ ਏ
ਲਾਰੇ-ਲੱਪੇ ਲਾ ਓਸਨੂੰ ਰੱਖਨਾਂ ਜੇ
ਤਾਂ ਇਹ ਜਾਵੰਦੀ ਏ, ਭੜਥੂ ਪਾਵੰਦੀ ਏ
ਰੱਬਾ ! ਕੀ ਕਰਾਂ ਮੈਂ ? ਤੇ ਕੀ ਨਾ ਕਰਾਂ ਮੈਂ ?
ਕੁਝ ਨਾ ਸੁਝਦਾ, ਸੋਚ ਨਾ ਆਵੰਦੀ ਏ
ਮੈਂ ਤਾਂ ਬੰਨ੍ਹਾ ਬਣਾਇਆ ਸੀ ਸੁਖ ਬਦਲੇ
ਪਰ ਇਹ ਦੁੱਖਾਂ ਦੇ ਤਵੇ 'ਤੇ ਤਾਵੰਦੀ ਏ

ਆਖ਼ਰ ਕਿਹੋ ਸੁ, "ਜੰਮੀਏ ! ਸੋਚ ਤਾਂ ਸਹੀ
ਕਿਉਂ ਵੱਸਦਾ ਝੁੱਗਾ ਉਜਾੜਦੀ ਏਂ ?
ਇਕ ਓਸ ਦੇ ਸਾੜੇ ਨੇ ਸਾੜਿਆ ਏ
ਦੂਜਾ ਤੂੰ ਪਈ ਸੜੇ ਨੂੰ ਸਾੜਦੀ ਏਂ"

ਏਨੀ ਗੱਲ ਸੁਣ ਕੇ, ਸੋਭੀ ਰੁੱਸ ਕੇ ਤੇ
ਤੁਰ ਪਈ ਪੇਕਿਆਂ ਨੂੰ ਗੁੱਸਾ ਖਾਇਕੇ ਤੇ
ਝੰਡਾ ਸਿਹੁੰ ਹੁਣ ਮਗਰ ਮਨਾਉਣ ਚੱਲਿਆ
ਕੋਹ-ਕੁ ਦੂਰ ਪਿੰਡੋਂ ਮਿਲਿਆ ਜਾਇਕੇ ਤੇ
ਕੀਤੇ ਤਰਲੇ ਤੇ ਮਿਨਤਾਂ ਤੇ ਵਾਸਤੇ ਪਾ
ਮਸਾਂ ਮਸਾਂ ਲਿਆਂਦੀ ਮਨਾਇਕੇ ਤੇ
ਘਰੀਂ ਆਉਂਦਿਆਂ ਨੂੰ ਚੰਦੋ ਚੌਧਰਾਣੀ
ਤੁਰ ਗਈ ਪੇਕਿਆਂ ਨੂੰ ਜੰਦਾ ਲਾਇਕੇ ਤੇ

ਲੱਗੀ ਹੋਣ ਹੁਣ ਪੁੱਛ ਗੁਆਂਢਣਾ ਨੂੰ
"ਦੱਸ ਭਾਗਣੇ ! ਉਹ ਕਿਹੜੇ ਖੂਹ ਪੈ ਗਈ"
ਉਹਨੇ ਕਿਹਾ, "ਉਹ ਚਲੀ ਗਈ ਪੇਕਿਆਂ ਨੂੰ
ਅਤੇ ਕੁੰਜੀਆਂ ਵੀ ਸਭੇ ਨਾਲ ਲੈ ਗਈ"

ਚਾਰ ਦਿਨ ਉਡੀਕ ਕੇ ਗਿਆ ਮਗਰੇ
ਮੱਲੀ ਜਾਏ ਦਲ੍ਹੀਜ ਉਸ ਸੱਸ ਦੀ ਏ

ਚੰਦੋ ਐਵੇਂ ਈ ਮੂੰਹ ਸੁਜਾਈ ਫਿਰਦੀ
ਬੁੜ ਬੁੜ ਕਰੇ, ਕੁਛ ਉੱਚੀ ਨਾ ਦੱਸਦੀ ਏ
ਗੱਲਾਂ ਹੋਣ ਲੱਗੀਆਂ, ਤਾਂ ਉਸ ਕਿਹਾ ਰੋ ਕੇ
"ਮੈਂ ਨਹੀਂ ਜਾਣਾ, ਉਹ ਜਦੋਂ ਤਕ ਵੱਸਦੀ ਏ
ਮੈਨੂੰ ਵਿਹੰਦਿਆਂ ਸਾਰ ਸੜ ਹੋਏ ਕੋਲੇ
ਫਿਰਦੀ ਨਾਲ ਗੁਆਂਢਣਾ ਹੱਸਦੀ ਏ
ਜਾਹ, ਤੂੰ ਓਸੇ ਸੁਆਣੀ ਦੀਆਂ ਪੱਕੀਆਂ ਖਾਹ
ਮੇਰਾ ਕੰਮ ਕੀ ? ਓਥੇ ਕੀ ਲੈਣ ਜਾਣਾ ?
ਜਿਹੜੇ ਘਰ ਉਹ ਰਹੇਗੀ ਖਸਮ-ਪਿੱਟੀ
ਮੈਂ ਨਹੀਂ ਓਸ ਘਰ ਜਿਉਂਦੀ ਪੈਰ ਪਾਣਾ"

ਝੰਡਾ ਸਿਹੁੰ ਨੇ ਆਖਿਆ ਨਾਲ ਤਰਲੇ
"ਆਖੇ ਲੱਗ, ਉ ਕਮਲੀਏ ! ਜਾਣ ਵੀ ਦੇਹ
ਉਹਨੂੰ ਛੱਡ ਦਿਆਂ, ਤਾਂ ਮੇਰੀ ਨਹੀਂ ਰਹਿੰਦੀ
ਸਿਰ 'ਤੇ ਪੱਗ, ਉ ਕਮਲੀਏ ! ਜਾਣ ਵੀ ਦੇਹ
ਤੂੰਹੇਂ ਸੋਚ ਖਾਂ, ਇਸਤਰਾਂ ਕੀ ਆਖੂ ?
ਸਾਨੂੰ ਜੱਗ, ਉ ਕਮਲੀਏ ! ਜਾਣ ਵੀ ਦੇਹ
ਇਹ ਤਾਂ ਉਹ ਗੱਲ ਏ, ਪਿਛੇ ਨਦੀ ਡੂੰਘੀ
ਅੱਗੇ ਅੱਗ, ਉ ਕਮਲੀਏ ! ਜਾਣ ਵੀ ਦੇਹ
'ਕੇਰਾਂ ਜਾਣ ਦੇਹ, ਧਰਮ ਨਾਂ, ਸਹੁੰ ਪਿਉ ਦੀ
ਅੱਜ ਤੋਂ ਪਿਛੋਂ ਨਾ ਉਹਨੂੰ ਬੁਲਾਵਾਂਗਾ ਮੈਂ
ਤੇਰਾ ਘਰ, ਤੇ ਤੂੰਹੇਂ ਸੰਭਾਲ ਚੱਲ ਕੇ
ਜਿਉਂਦਾ ਓਸ ਦੀ ਪੱਕੀ ਨਾ ਖਾਵਾਂਗਾ ਮੈਂ"

ਖ਼ੈਰ, ਮੰਨ-ਮਨੌਤੀਆਂ ਹੋ ਗਈਆਂ
ਚੰਦੋ ਆਈ ਇਹ ਈਨ ਮਨਾਇਕੇ ਤੇ
"ਉਹਦੇ ਨਾਲ ਜੇ ਬੋਲਿਓਂ ਭੁੱਲ ਕੇ ਵੀ
ਤਾਂ ਮੈਂ ਮਰ ਜਾਂਗੀ ਫ਼ੀਮ ਖਾਇਕੇ ਤੇ"

ਲਓ ਹੁਣ ਫੇਰ ਦੋਵੇਂ ਕੱਠੀਆਂ ਹੋ ਗਈਆਂ ਜੇ
ਵੇਖੋ ਕੇਹੀਆਂ ਖੁਆਉਣ ਪਕਾਇਕੇ ਤੇ
ਸੋਭੀ ਚੰਦੋ ਨੂੰ ਇੱਟ ਜੇ ਚੁੱਕਦੀ ਏ
ਚੰਦੋ ਪਏ ਅੱਗੋਂ ਪੱਥਰ ਚਾਇਕੇ ਤੇ
ਲਓ ਹੁਣ ਹੁਕਮ-ਨਾਮੇ ਜਾਰੀ ਹੋਣ ਲਗੇ
ਦੋਹਾਂ ਪਾਸਿਆਂ ਤੋਂ ਝੰਡਾ ਸਿੰਘ ਵੱਲੇ
ਚੰਦੋ ਕਹੇ, "ਤੂੰ ਉਹਦੇ ਨਾਂ ਬੋਲਦਾ ਸੈਂ ?
ਮੇਰੇ ਚੌਂਕਿਓਂ ਉਤਰ ਜਾ, ਚੱਲ ਥੱਲੇ"

ਸੋਭੀ ਵੱਲ ਗਿਆ, ਤਾਂ ਉਸ ਕਿਹਾ ਅੱਗੋਂ
"ਜੁੱਗੋਂ ਜਾਣਿਆਂ, ਕਾਣਿਆਂ ! ਓਧਰੇ ਜਾਹ"
ਚੰਦੋ ਕੋਲ ਆਇਆ, ਤਾਂ ਉਹ ਕੜਕ ਬੋਲੀ
"ਹਰਾਮ ਖਾਣਿਆਂ ਕਾਣਿਆਂ ! ਓਧਰੇ ਜਾਹ !"
ਜਿਧਰ ਜਾਏ ਅੱਗੋਂ ਏਹਾ ਹੋਏ ਆਦਰ
"ਬੇ-ਪਰਾਣਿਆਂ ਕਾਣਿਆਂ ! ਓਧਰੇ ਜਾਹ"
ਰਾਤੀਂ ਸੁੱਤੇ ਨੂੰ ਵੀ ਏਹਾ ਆਉਣ ਸੁਪਨੇ
'ਉਧਲ-ਜਾਣਿਆਂ ਕਾਣਿਆਂ ! ਓਧਰੇ ਜਾਹ'
ਸੇਵਾ ਨਿੱਤ ਇਉਂ ਬੁੱਢੇ ਦੀ ਹੋਣ ਲੱਗੀ
ਵਿਚੇ ਵਿਚ ਪਿਆ ਤੜਫਦਾ ਲੁੱਛਦਾ ਏ
"ਬਾਬਾ ! ਚਾਚਾ ! ਭਰਾਵਾ ! ਕਿਉਂ ਕੀ ਗੱਲ ਏ"
ਹਰ ਇਕ ਪਰ੍ਹੇ ਅੰਦਰ ਏਹਾ ਪੁਛਦਾ ਏ

ਝੰਡਾ ਸਿਹੁੰ ਸਭ ਫੋਲਣੇ ਫੋਲ ਕਹਿੰਦਾ
"ਤੈਨੂੰ ਬੱਚੂ ਵਰਿਆਮਿਆਂ ! ਕੀ ਦੱਸਾਂ ?
ਚੌਥਾ ਡੰਗ ਈ, ਰੋਟੀ ਦੀ ਸਹੁੰ ਲੈ ਲੈ
ਕੀ ਪੁਛਨੈਂ ? ਸ਼ਾਮਿਆਂ ! ਕੀ ਦੱਸਾਂ ?
ਕਸਮੇਂ, ਨਿੱਤ ਜੁੱਤੀ-ਪੌਲਾ ਖੜਕਦਾ ਏ
ਏਸ ਰੌਣਕ ਦੀ ਰਾਮਿਆਂ ! ਕੀ ਦੱਸਾਂ ?

ਦੋਵੇਂ ਸਦਾ ਗੁੱਤੋ ਗੁੱਤੀ ਰਹਿੰਦੀਆਂ ਨੇ
ਡਾਢਾ ਦੁਖੀ ਆਂ, ਨ੍ਹਾਮਿਆਂ ! ਕੀ ਦੱਸਾਂ"

ਓਧਰ ਚੰਦੋ ਤੋਂ ਖਾਇਕੇ ਮਾਰ ਸੋਭੀ
ਰੋਂਦੀ ਪੇਕਿਆਂ ਨੂੰ ਜਾਵੇ ਰੱਬ ਮਾਰੀ
ਲੋਕੀਂ ਉੱਠ ਕੁਛ ਉਹਨੂੰ ਮਨਾਉਣ ਲੱਗੇ
ਜਿਉਂ ਜਿਉਂ ਕਹਿਣ ਉਹ ਤਿਉਂ ਤਿਉਂ ਪਵੇ ਭਾਰੀ

ਝੰਡਾ ਸਿੰਘ ਕਹਿੰਦਾ, "ਮਗਰੋਂ ਲਹਿਣ ਦੇਹ ਸੂ
ਦਫ਼ਾ ਹੋਵੇ ਸ਼ਿੰਗਾਰਿਆ ! ਜਾਣ ਦੇਹ ਸੂ
ਵੇਖੀਂ ਮੋੜੀਂ ਨਾ, ਰੱਬ ਦਾ ਵਾਸਤਾ ਈ
ਕਲ੍ਹੇ ਮਿਟਣ ਦੇਹ, ਤਾਰਿਆ ! ਜਾਣ ਦੇਹ ਸੂ
ਲੈ ਔਹ ਚੰਦੋ ਵੀ ਜਾਂਦੀ ਊ, ਕਿਧਰ ਚੱਲਿਐਂ ?
ਆ ਜਾ ਮੁੜਿਆ, ਸਰਦਾਰਿਆ ! ਜਾਣ ਦੇਹ ਸੂ
ਚਾਅ ਲਾਹ ਆਵੇ ਇਹ ਵੀ ਪੇਕਿਆਂ ਦਾ
ਰੱਜ ਲਵੇ, ਬਲ਼ਕਾਰਿਆ ! ਜਾਣ ਦੇਹ ਸੂ

ਚੰਗੇ ਰੰਡੇ ਈ ਏਸ ਸੁਹਾਗ ਤੋਂ ਆਂ
ਆਪੇ ਪੀਹਾਂ, ਪਕਾਵਾਂਗੇ, ਖਾਵਾਂਗੇ ਜੀ
ਹੁਣ ਤਾਂ 'ਸੀਤਲਾ' ਵਿਚ ਕਚਹਿਰੀਆਂ ਦੇ
ਮੱਥਾ ਸ਼ਾਹ ਜੀ ਦੇ ਨਾਲ ਲਾਵਾਂਗੇ ਜੀ"

੨-੧-੩੨ ਈ.

ਪਰਦੇਸ ਗਏ ਪਤੀ ਦੀ ਯਾਦ ਵਿਚ

•

ਕਿਸੇ ਛੈਲ ਦੀ ਯਾਦ ਵਿਚ ਛੈਲ ਕੋਈ
ਫੜ ਕੇ ਬਾਹੀ ਚੁਗਾਠ ਦੀ ਖਲੀ ਹੋਈ ਸੀ
ਕੋਮਲ ਖ਼ਿਆਲ ਤੋਂ, ਸਿੱਕ ਦੇ ਵਾਂਗ ਸੁੰਦਰ
ਕਲੀ ਨਾਜ਼ ਦੀ ਗੋਦ ਵਿਚ ਪਲੀ ਹੋਈ ਸੀ
ਛਲ ਗਏ ਸਮੇਂ ਨੂੰ ਖਲੀ ਦੁਹਰਾਉਂਦੀ ਸੀ
ਕਿਸੇ ਛਲੀਏ ਦੇ ਪ੍ਰੇਮ ਨੇ ਛਲੀ ਹੋਈ ਸੀ
ਸੀਖਾਂ ਸਿੱਕ ਦੀਆਂ 'ਤੇ ਆਸ ਟੰਗ ਰੱਖੀ
ਜਿਉਂਦੀ ਬ੍ਰਿਹੋਂ ਦੇ ਤੇਲ ਵਿਚ ਤਲੀ ਹੋਈ ਸੀ

ਇੱਕੋ ਖ਼ਿਆਲ ਵਿਚ ਗੁੰਮ ਖ਼ਿਆਲ ਹੋ ਗਏ
ਕੇਵਲ ਕਿਸੇ ਦੀ ਯਾਦ ਦੀ ਯਾਦ ਰਹਿ ਗਈ
ਉਠਿਆ ਦਿਲੋਂ ਵਰੋਲਾ ਨਿਹੋਰਿਆਂ ਦਾ
ਆ ਕੇ ਬੁੱਲ੍ਹੀਆਂ ਉੱਤੇ ਫ਼ਰਿਆਦ ਰਹਿ ਗਈ

ਲੈਂਦੀ ਸਿਸਕੀਆਂ ਫੇਰ ਉਹ ਇਉਂ ਬੋਲੀ
"ਸਮਾਂ ਕਿਸੇ 'ਤੇ ਹੁਸਨ ਨਹੀਂ ਰਹਿਣ ਦੇਂਦਾ
ਨਾ ਇਹ ਆਪ ਟਿਕਦਾ, ਨਾ ਟਿਕਾਉ ਇਸਨੂੰ
ਟਿਕ ਕੇ ਹੋਰਨਾਂ ਨੂੰ ਵੀ ਨਹੀਂ ਬਹਿਣ ਦੇਂਦਾ
ਸਮਾਂ ਪ੍ਰੇਮ ਦੇ ਘਾਵਾਂ 'ਤੇ ਲੂਣ ਪਾਵੇ
ਪ੍ਰੇਮ ਸਮੇਂ ਦੇ ਸੱਲ ਨਹੀਂ ਸਹਿਣ ਦੇਂਦਾ

ਸਮਾਂ ਬੀਤ ਗਏ ਸਮੇਂ ਨੂੰ ਯਾਦ ਕਰ ਕਰ
'ਮੈਂ' ਤੇ 'ਓਸ' ਵਿਚ ਵਿੱਥ ਨਹੀਂ ਪੈਣ ਦੇਂਦਾ
ਓਸ ਸਮੇਂ ਵਿਚ 'ਮੈਂ', 'ਉਹ' 'ਮੈਂ' ਵਿਚ ਸੀ
ਜੇ ਮੈਂ ਦਿਲ ਹੁੰਦੀ, ਉਹ ਖ਼ਿਆਲ ਹੁੰਦਾ
ਮੇਰੇ ਵਿਚ ਉਹ, ਓਸ ਵਿਚ ਵਾਸ ਮੇਰਾ
ਜੇ ਮੈਂ ਅਤਰ ਹੁੰਦੀ, ਉਹ ਰੁਮਾਲ ਹੁੰਦਾ

ਉਹ ਵੀ ਸਮਾਂ ਸੀ, ਜਾਂ ਸੋਹਣਾ ਪੁੱਛਦਾ ਸੀ
ਮੈਥੋਂ ਮੇਰਾ ਤੇ ਮੇਰੇ ਪਿਆਰ ਦਾ ਮੁੱਲ
ਕਦੇ ਬ੍ਰਿਹੋਂ ਦਾ ਮੁੱਲ, ਕਦੇ ਵਸਲ ਦਾ ਮੁੱਲ
ਕਦੇ ਆਪਣਾ, ਆਪਣੇ ਦੀਦਾਰ ਦਾ ਮੁੱਲ
ਪੁਛੇ ਅੱਜ, ਤਾਂ ਰੱਖ ਕੇ ਸੀਸ ਆਖਾਂ
ਇਹ ਦੀਦਾਰ ਦਾ ਨਹੀਂ, ਇਕ ਝਲਕਾਰ ਦਾ ਮੁੱਲ
ਵੇਖ, ਖਲੀ ਬਰੂਹਾਂ ਦੇ ਵਿਚ, ਪਾਵਾਂ
ਜਿਉਣ ਜੋਗਿਆ ! ਤੇਰੇ ਪਿਆਰ ਦਾ ਮੁੱਲ

ਚੰਨਾ ! ਯਾਦ ਤੇਰੀ ਤੇਰੇ ਪਿਆਰ ਦਾ ਮੁੱਲ
ਤੇ ਦੀਦਾਰ ਤੇਰਾ ਇੰਤਜ਼ਾਰ ਦਾ ਮੁੱਲ
ਹੈ ਪਿਆਰ, ਦੀਦਾਰ ਤੇ ਯਾਦ ਦਾ ਮੁੱਲ
ਨਹੀਂ ਕੋਈ ਲਾਲ ਜੀ ! ਪਿਆਰ ਦੀ ਮਾਰ ਦਾ ਮੁੱਲ

ਖਲੀ ਲੱਗ ਕੇ ਨਾਲ ਬੁਰੱਨਾਂ ਦੇ
ਅੱਠੇ ਪਹਿਰ ਉਡੀਕਦੀ ਰਾਹ ਤੇਰਾ
ਤੇਰੇ ਰਾਹਾਂ 'ਤੇ ਅੱਖੀਆਂ ਰਹਿਣ ਲੱਗੀਆਂ
ਜਾਂ ਇਹ ਦਿਲ, ਜਾਂ ਰੱਬ ਗਵਾਹ ਮੇਰਾ
ਪਵੇ ਮਿਹਰ ਮਨ ਮਿਲੇਂ ਤਾਂ ਚਰਨ ਚੁੰਮਾਂ
ਮੱਠਾ ਹੋਏ ਤਾਂ ਕੁਛ ਦਿਲ ਦਾ ਦਾਹ ਮੇਰਾ
ਜੁੜੀ ਰਹਾਂ ਨਾਲੇ ਤੇਰੀ ਛਾਂ ਬਣ ਕੇ
ਚੰਨਾ ! ਕਰਾਂ ਨਾ ਫੇਰ ਵਿਸਾਹ ਤੇਰਾ

ਦਿਲ ਦੀ ਜਲਨ ਨਾ ਬੁਝੇ ਦਿਲਦਾਰ ਬਾਝੋਂ
ਕੱਚੇ ਘੜੇ 'ਤੇ ਕੋਈ ਐਵੇਂ ਤਰੀ ਨਹੀਂ ਸੀ
ਹੈ ਕੋਈ ਪ੍ਰੇਮ ਵਿਚ ਜਲਨ ਮਿਠਾਸ ਵਾਲੀ
ਸੱਸੀ ਥਲਾਂ ਅੰਦਰ ਐਵੇਂ ਮਰੀ ਨਹੀਂ ਸੀ

ਤੇਰੀ ਯਾਦ ਵਿਚ ਗਲੀ ਦਾ ਕੱਖ ਬਣ ਕੇ
ਇਕ ਦਿਨ ਰੁਲਦੀ ਰੁਲਦੀ ਰੁਲ ਜਾਸਾਂ
ਫੁੱਟੇ ਘੜੇ ਜਿਉਂ ਅੱਖੀਓਂ ਨੀਰ ਬਣ ਕੇ
ਆਖ਼ਰ ਡੁੱਲ੍ਹਦੀ ਡੁੱਲ੍ਹਦੀ ਡੁੱਲ੍ਹ ਜਾਸਾਂ
ਭਾਰ ਗ਼ਮਾਂ ਦੇ ਸਬਰ ਦੀ ਤੱਕੜੀ 'ਤੇ
ਕਦੇ ਤੁੱਲਦੀ ਤੁੱਲਦੀ ਤੁੱਲ ਜਾਸਾਂ
ਤੇਰੇ ਦਿਲੋਂ ਰੁਮਾਲ ਦੀ ਬਾਸ ਵਾਂਗੂੰ
ਡਰ ਏ ਭੁੱਲਦੀ ਭੁੱਲਦੀ ਭੁੱਲ ਜਾਸਾਂ

ਜੇ ਭੁਲਾ ਦੇਂਗਾ 'ਸੀਤਲ' ਜ਼ੋਰ ਨਹੀਂ ਨਾ !
ਮੈਂ ਕੋਈ ਚਾਅ ਨੂੰ ਤਾਂ ਨਹੀਂ ਵਿਯੋਗ ਸਹਿਣਾ
ਤੇਰੇ ਵੱਸ ਏ, ਦੂਰ ਵੱਸ ਅੱਖੀਆਂ ਤੋਂ
ਮੇਰੇ ਦਿਲੋਂ ਤਾਂ ਨਹੀਂ ਕਿਸੇ ਖੋਹ ਲੈਣਾ

੪-੧-੩੩ ਈ.

ਰੁੱਸ ਗਿਆ ਸੋਹਣਾ

ਚਾਈਂ ਚਾਈਂ 'ਕੇਰਾਂ ਜਾਂਦੇ ਯਾਰ ਨੂੰ ਬੁਲਾ ਲਿਆ
ਚੁੱਪ ਵੱਟ ਓਨ ਅੱਗੋਂ ਮੁੱਖੜਾ ਭੁਆ ਲਿਆ
ਵੱਟ ਨਾਲ ਝੱਟ ਵੱਟ ਮੱਥੇ ਉਤੇ ਪਾ ਲਿਆ
ਗ਼ੁੱਸੇ ਵੇਖ ਉਹਨੂੰ, ਅਸਾਂ ਪਾਸਾ ਪਰਤਾ ਲਿਆ

ਚੰਨ ਸਾਡੀ ਜਿੰਦੜੀ ਨੂੰ ਪੈਰਾਂ ਵਿਚ ਰੋਲਦਾ
ਰੁੱਸ ਗਿਆ ਸੋਹਣਾ ਤੇ ਬੁਲਾਇਆ ਨਹੀਂ ਬੋਲਦਾ

ਪੈਰੀਂ ਸਿਰ ਰੱਖ ਰੱਖ ਹੱਥ ਜੜ ਜੋੜ ਕੇ
ਹੰਝੂ ਕੇਰ ਕੇਰ, ਲਹੂ ਦਿਲ ਦਾ ਨਚੋੜ ਕੇ
ਕੀਤੀ ਅਰਜ਼ੋਈ ਅਸਾਂ ਮਾਣ ਤਾਣ ਛੋੜ ਕੇ
ਓਸੇ ਦੇ ਈ ਹੋ ਗਏ ਸਾਰੇ ਜੱਗ ਨਾਲੋਂ ਤੋੜ ਕੇ

ਜਿਹੜਾ ਅੱਜ ਸੰਗ ਸਾਥੋਂ, ਬੁੱਲ੍ਹੀਆਂ ਨਾ ਖੋਲ੍ਹਦਾ
ਰੁੱਸ ਗਿਆ ਸੋਹਣਾ ਤੇ ਬੁਲਾਇਆ ਨਹੀਂ ਬੋਲਦਾ

ਉਸ ਦੇ ਵਿਛੋੜੇ ਵਿਚ—ਹਾਇ—ਮਰ ਚੱਲੀਆਂ
ਉਸ ਪਿੱਛੇ ਬੋਲੀਆਂ ਜਹਾਨ ਦੀਆਂ ਝੱਲੀਆਂ
ਉਸ ਦੀਆਂ ਵਾਟਾਂ, ਘਰ-ਘਾਟ ਛਡ ਮਲੀਆਂ
ਲਿਖ ਲਿਖ ਚਿੱਠੀਆਂ ਰੁਮਾਲ ਬੰਨ੍ਹ ਘੱਲੀਆਂ

ਵੇਖਾਂ, ਅੱਗੋਂ ਦੇਵੇ ਕੀ ਜਵਾਬ, ਦਿਲ ਡੋਲਦਾ
ਰੁੱਸ ਗਿਆ ਸੋਹਣਾ ਤੇ ਬੁਲਾਇਆ ਨਹੀਂ ਬੋਲਦਾ

ਉਸ ਦੀ ਮੈਂ ਭਾਲ ਵਿਚ ਠੇਡੇ ਖਾਧੇ ਦਰ ਦਰ
ਉਸ ਦਾ ਮੈਂ ਦਰ ਮਸਾਂ ਲੱਭਿਆ ਏ ਮਰ ਮਰ
ਹੱਥ ਜੋੜ, ਨੀਂਵੀਂ ਪਾ, ਬੁਲਾਇਆ ਉਹਨੂੰ ਡਰ ਡਰ
ਅੱਖੀਆਂ ਦੇ ਝਰਨਿਆਂ 'ਚੋਂ ਹੰਝੂ ਪਏ ਝਰ ਝਰ

ਡੋਲ ਗਏ ਲੇਖ ਮੇਰੇ, ਉਹ ਨਾ ਪਰ ਡੋਲਦਾ
ਰੁੱਸ ਗਿਆ ਸੋਹਣਾ ਤੇ ਬੁਲਾਇਆ ਨਹੀਂ ਬੋਲਦਾ

ਬੋਲਦਾ ਬੁਲਾਇਆ ਨਾ, ਮੈਂ ਵਾਜਾਂ ਮਾਰ ਥੱਕੀਆਂ
ਉਸ ਦੇ ਬ੍ਰਿਹੋਂ 'ਚ ਰੋ ਰੋ ਅੱਖੀਆਂ ਨੇ ਪੱਕੀਆਂ
ਡੱਕ-ਡੱਕ ਵਹਿੰਦੀਆਂ ਨੇ ਰਹਿੰਦੀਆਂ ਨਾ ਡੱਕੀਆਂ
ਧੰਨ ਅੱਖੀਂ ਉਹਦੀਆਂ, ਜੋ ਵਿਹੰਦੀਆਂ ਨਾ ਅੱਕੀਆਂ

ਰੱਬ ਜਾਣੇ, 'ਸੀਤਲ' ਉਹ ਕਿਹੜੇ ਸਮੇਂ ਟੋਲਦਾ
ਰੁੱਸ ਗਿਆ ਸੋਹਣਾ ਤੇ ਬੁਲਾਇਆ ਨਾਹੀਂ ਬੋਲਦਾ

੪-੭-੩੧ ਈ.

ਪਿਆਰੇ ਨੂੰ ਨਿਹੋਰਾ

ਸੋਹਣਿਆਂ ਦੇ ਬਾਦਸ਼ਾਹ ਤੇ ਦਿਲਾਂ ਦਿਆ ਮਾਲਕਾ ਓ
ਛੈਲ ਅਸਵਾਰਾ ! ਕਦੇ ਸਾਡੇ ਵਿਹੜੇ ਆਇਆ ਕਰ

ਪਿਆਰ ਦਿਆ ਦਾਤਿਆ, ਦੀਦਾਰ ਦਿਆ ਦਾਨੀਆਂ ਵੇ
ਪਿਆਰ ਦੇ ਭਿਖਾਰੀਆਂ ਦੀਦਾਰ ਭੀਖ ਪਾਇਆ ਕਰ

ਮਾਪਿਆਂ ਤੇ ਸਹੁਰਿਆਂ ਦੀ ਤੇਰੇ ਪਿੱਛੇ ਸ਼ਰਮ ਲਾਹੀ
ਹੁਣ ਤਾਂ ਸ਼ਰਮਾਕਲਾ ! ਨਾ ਸਾਥੋਂ ਸ਼ਰਮਾਇਆ ਕਰ

ਚਾਰ ਹੋਈਆਂ ਅੱਖੀਆਂ, ਤਾਂ ਅੱਖੀਆਂ ਦੀ ਲੱਜ ਲੱਥੀ
ਸਾਥੋਂ ਹੁਣ ਸੋਹਣਿਆਂ ਨਾ ਅੱਖੀਆਂ ਲੁਕਾਇਆ ਕਰ

ਤੇਰੇ ਨਾਲ ਲੱਗੀ ਦੀਆਂ ਲੀਕਾਂ ਲਾਈਆਂ ਜੱਗ ਮੈਨੂੰ
ਲੱਗੀਆਂ ਦੀ ਲਾਜ ਰਖ, ਮੁਖ ਨਾ ਭੁਆਇਆ ਕਰ

ਲੋਕਾਂ ਦੀਆਂ ਬੋਲੀਆਂ ਵਧਾਈਆਂ ਕਰ ਜਾਣੀਆਂ ਮੈਂ
ਵੇਖ ਸਾਡਾ ਸਬਰ, ਕਿਤੇ ਮੇਹਰ ਵਿਚ ਆਇਆ ਕਰ

ਦੂਤੀਆਂ ਦੇ ਹੱਥੋਂ ਡਾਢੀ ਤੰਗ ਆਈ ਜਾਨ ਮੇਰੀ
ਉਹਨਾਂ ਹੱਥੀਂ ਚੜ੍ਹ ਕੇ ਨਾ ਤੂੰ ਵੀ ਲੀਕਾਂ ਲਾਇਆ ਕਰ

ਜਿਨ੍ਹਾਂ ਨਾਲ ਵੈਰ ਮੇਰਾ, ਉਹਨਾਂ ਨਾਲ ਮੇਲ ਤੇਰਾ
ਜਾਵੇ ਨਾ ਸਹਾਰਿਆ, ਤੂੰ ਐਨਾ ਨਾ ਸਤਾਇਆ ਕਰ

ਜਿੱਥੇ ਤੇਰਾ ਜਾਣ ਆਉਣ, ਸੋਈ ਸਾਨੂੰ ਲੀਕਾਂ ਲਾਉਣ
ਬੋਲੀ ਹੱਥੇ ਕਰ ਸਾਨੂੰ ਲਾਲ ! ਨਾ ਦੁਖਾਇਆ ਕਰ

ਜਿੱਥੇ ਨਹੀਂ ਜਾਣ ਮੇਰਾ, ਓਥੇ ਕੀ ਏ ਕੰਮ ਤੇਰਾ ?
ਔਂਦਾ ਔਂਦਾ ਤਾਰਿਆ ! ਨਾ ਰਾਹੇ ਅਟਕ ਜਾਇਆ ਕਰ

ਬਹਿ ਕੇ ਕਿਉਂ ਸ਼ਰੀਕਾਂ ਘਰੀਂ ਦਿਲ ਮੇਰਾ ਸਾੜਦਾ ਏਂ
ਆਉਣਾ ਹੁੰਦਾ ਈ, ਤਾਂ ਸਿੱਧਾ ਮੇਰੀ ਗਲੀ ਆਇਆ ਕਰ

ਪੈਂਦਾ ਏ ਦੀਦਾਰ ਤੇਰਾ ਹੰਝੂਆਂ ਦੇ ਮੁੱਲ ਸਾਨੂੰ
ਕੰਧ ਉਹਲੇ ਬਹਿ ਕੇ ਚੰਨਾ ! ਐਨਾ ਨਾ ਰੁਆਇਆ ਕਰ

ਇਕ ਇਕ ਹੰਝੂ ਮੇਰਾ ਹੀਰਿਆਂ ਤੋਂ ਕੀਮਤੀ ਏ
ਛੈਲ ਬਾਂਕੇ ਜੌਹਰੀਆ ! ਕਦੇ ਤਾਂ ਮੁੱਲ ਪਾਇਆ ਕਰ

ਕਦੇ ਤਾਂ ਰੁਮਾਲ ਨਾਲ ਪੂੰਝ ਅੱਖਾਂ ਮੇਰੀਆਂ ਵੀ
ਰੋਣੀਆਂ ਨਿਮਾਣੀਆਂ ਨੂੰ ਨਿੱਤ ਨਾ ਖਪਾਇਆ ਕਰ

ਬਿੱਟ ਬਿੱਟ ਤਕਦੀਆਂ ਰਾਹ ਤੇਰਾ ਥੱਕੀਆਂ ਨੇ
ਛੇਤੀ ਛੇਤੀ ਆਇਆ ਕਰ, ਚਿਰ ਨਾਹੀਂ ਲਾਇਆ ਕਰ

ਠੁੰਮ ਠੁੰਮ ਆਣਕੇ ਸਫ਼ੈਦ ਸੂਟ ਵਾਲਿਆ ਵੇ
'ਸਤਿ ਕਰਤਾਰ' ਬੋਲ ਸੀਨੇ ਠੰਢ ਪਾਇਆ ਕਰ

ਦੂਰ ਦਿਆ ਪਾਂਧੀਆ ਕਿਉਂ ਮੰਦਰ ਮਸੀਤਾਂ ਭਾਲੇਂ
ਰਾਤ ਪਰਦੇਸੀਆ ! ਅਸਾਡੇ ਕੱਟ ਜਾਇਆ ਕਰ

ਤੇਰਾ ਹੀ ਇਹ ਘਰ ਸਭ ਮਿਲਖ ਤੇ ਜਾਗੀਰ ਤੇਰੀ
ਕਾਹਦੀ ਤੈਨੂੰ ਸੰਗ ? ਐਨੇ ਪੱਜ ਨਾ ਬਣਾਇਆ ਕਰ

ਜਿੰਨ੍ਹੀਂ ਰਾਹੀਂ ਆਵੇਂ, ਜਾਵਾਂ ਉਹਨਾਂ ਤੋਂ ਸਦੱਕੜੇ ਮੈਂ
ਭੇਜ ਪਹਿਲਾਂ ਚਿੱਠੀ ਲੱਕ ਆਸ ਦਾ ਬੰਨ੍ਹਾਇਆ ਕਰ

ਖੱਲੜੀ ਵਿਛਾਵਾਂ ਤੇਰੇ ਰਾਹਾਂ ਵਿਚ ਧੁਰ ਤੀਕ
ਪੈਣ ਮਤਾਂ ਛਾਲੇ, ਪੈਰ ਭੋਇਂ 'ਤੇ ਨਾ ਟਿਕਾਇਆ ਕਰ

ਰਵਾਂ-ਰਵੀਂ ਆਉਂਦਾ ਅੰਦਰ ਵਾਰ ਆ ਕੇ ਬਿਹਾ ਕਰ
ਦੂਤੀ ਲੈਨ੍ਹੀਂ ਵੇਖ, ਡੇਰਾ ਵਿਹੜੇ 'ਚ ਨਾ ਲਾਇਆ ਕਰ

ਸੀਨੇ ਦੀ ਵਿਛਾਈ ਸੇਜ ਤੇਰੇ ਹੇਤ ਬਾਂਕਿਆ ਵੇ !
ਪਾ ਕੇ ਝੱਟ ਨੀਂਦ ਤੇ ਥਕੇਵਾਂ ਜ਼ਰਾ ਲਾਹਿਆ ਕਰ

ਦਿਲ ਅਤੇ ਨੈਣ ਦੋਵੇਂ ਤੇਰੀਆਂ ਅਸਾਮੀਆਂ ਨੇ
ਜਿੱਥੇ ਚਾਹੇ ਚਿੱਤ ਤੇਰਾ, ਓਥੇ ਡੇਰਾ ਲਾਇਆ ਕਰ

ਜਿੰਦ ਲੈਲਾ, ਜਾਨ ਲੈਲਾ, ਜੋਬਨ, ਤਨ, ਪ੍ਰਾਨ ਲੈਲਾ
ਇਕੋ ਸਾਡੀ ਮੰਨ, ਹੱਸ ਮੁਖੜਾ ਵਿਖਾਇਆ ਕਰ

ਸੋਹਣਿਆਂ ਵੇ! ਬਾਂਕਿਆ ਵੇ! ਚਾਨਣਾ ਵੇ! ਤਾਰਿਆ ਵੇ!
ਮੇਰੀ ਸਹੁੰ ਈਂ! ਵੇ ਨਾ ਲਾਂਭੇ ਲਾਂਭੇ ਲੰਘ ਜਾਇਆ ਕਰ

ਹੱਛਾ! ਜੇ ਨਾ ਆਵੇਂ ਘਰ ਲੋਕਾਂ ਦੇ ਉਲ੍ਹਾਮਿਆਂ ਤੋਂ
ਵੀਹੇ-ਵੀਹ ਦੁਵੇਲੇ ਮੂੰਹ ਨੰਗੇ ਲੰਘ ਜਾਇਆ ਕਰ

ਤੋੜ ਦੇ ਨਾ ਫੁੱਲ, ਕਹਿੰਦੇ ਭੌਰ ਭੁੱਖੇ ਵਾਸ਼ਨਾ ਦੇ
ਵੇਖ ਲਵਾਂ ਮੈਂ ਵੀ, ਨਾ ਰੁਮਾਲ ਮੂੰਹ 'ਤੇ ਪਾਇਆ ਕਰ

ਲੈਂਦੇ ਨਹੀਂ ਦੀਦਾਰ ਤੈਥੋਂ ਮੰਗਵਾਂ, ਜੁਆਨੀ ਮਾਣੇ!
ਨਕਦ ਦਿਲ ਦੇਈਏ, ਭਾਵੇਂ ਦੂਣਾ ਮੁੱਲ ਲਾਇਆ ਕਰ

ਮੁੱਲ ਵਿਚ ਜਾਨ ਤੇ ਦਲਾਲੀ ਵਿਚ ਦਿਲ ਲੈ ਲੈ
ਨਿੱਤ ਦਿਆਂ ਗਾਹਕਾਂ ਨੂੰ ਨਾ ਮੱਥੇ ਵੱਟ ਪਾਇਆ ਕਰ

ਜੋ ਵੀ ਮੇਰੇ ਕੋਲ ਹੈ, ਮੈਂ ਹੱਸ ਤੇਰੀ ਭੇਟ ਚਾੜ੍ਹਾਂ
ਨਖ਼ਰਿਆਂ ਦੇ ਨਾਲ ਅੱਗੋਂ ਨੱਕ ਨਾ ਚੜ੍ਹਾਇਆ ਕਰ

ਸਭੇ ਗੱਲਾਂ ਛੱਡੀਆਂ, ਤੂੰ ਇਕੋ ਗੱਲ ਮੰਨ ਮੇਰੀ
ਰੱਬ ਦੀ ਦੁਹਾਈ, ਐਨੇ ਹਾੜੇ ਨਾ ਕਢਾਇਆ ਕਰ

ਦਿਲ ਦੀ ਹਵ੍ਹਾੜ ਸਾੜ ਛੱਡਿਆ ਹੈ 'ਸੀਤਲ' ਜੀ
ਸੀਨੇ ਨਾਲ ਲੱਗ, ਮੇਰੇ ਸੀਨੇ ਠੰਢ ਪਾਇਆ ਕਰ

੧੦-੫-੨੯ ਈ.

ਜਿੰਨੇ ਵਾਰ ਕਰਨੇ ਈਂ ਇਕੋ ਵਾਰ ਕਰ ਲੈ

ਆ ਓ ਸੂਰਤਾਂ ਵਾਲਿਆ ! ਬਾਜ਼ ਆ ਜਾ
ਥੋੜੀ ਗੱਲ ਤੋਂ ਕਿਸੇ ਨੂੰ ਮਾਰੀਏ ਨਾ
ਪਹਿਲਾਂ ਚਾਟ ਚਟਾਇਕੇ ਪ੍ਰੇਮ ਵਾਲੀ
ਦੂਰੇ ਦੂਰੇ ਕਰ ਫੇਰ ਦੁਰਕਾਰੀਏ ਨਾ
ਮਾਲਕ ਹੋਇਕੇ, ਹੋਛਿਆ ! ਗੋਲਿਆਂ ਨੂੰ
ਕਦੇ ਟਾਕਰੇ ਲਈ ਵੰਗਾਰੀਏ ਨਾ
ਮੌਕਾ ਬਣੇ, ਤਾਂ ਅੱਕਰਾਂ ਕੱਢ ਲਈਏ
ਐਵੇਂ ਰਾਹ-ਗਲੀ ਨਿੱਤ ਲਲਕਾਰੀਏ ਨਾ

ਗਰਦਨ ਆਸ਼ਕਾਂ ਦੀ, ਕਹਿੰਦੇ ਸਖ਼ਤ ਹੁੰਦੀ
ਤੇਜ਼ ਬੀਬੀਆ ! ਤੇਗ ਦੀ ਧਾਰ ਕਰ ਲੈ
ਵਾਰ ਵਾਰ ਦੇ ਵਾਰ ਨਹੀਂ ਠੀਕ ਜੀਵੇਂ !
ਜਿੰਨੇ ਵਾਰ ਕਰਨੇ ਈਂ ਇਕੋ ਵਾਰ ਕਰ ਲੈ

ਏਥੇ ਟਾਕਰਾ ਜਬਰ ਤੇ ਸਬਰ ਦਾ ਏ
ਤੇਰਾ ਵਾਰ ਕਰਨਾ, ਸਾਡਾ ਸਹਿ ਜਾਣਾ
ਤੇਰਾ ਤੇਗ ਘੁਮਾਂਦਿਆਂ ਆਵਣਾ ਉਹ
ਸਾਡਾ ਧੌਣ ਝੁਕਾਇਕੇ ਬਹਿ ਜਾਣਾ

ਗੱਲ ਗੱਲ ਉਤੇ ਤੇਰਾ ਝਿੜਕ ਦੇਣਾ
ਸਾਡਾ ਹੌਂਸਲਾ ਅੰਦਰੋਂ ਢਹਿ ਜਾਣਾ
ਤੇਰਾ ਕਹਿੰਦਿਆਂ ਕਹਿੰਦਿਆਂ ਕਹਿ ਜਾਣਾ
ਸਾਡਾ ਰਹਿੰਦਿਆਂ ਰਹਿੰਦਿਆਂ ਰਹਿ ਜਾਣਾ
ਤੇਰੀ ਨਿੱਤ ਦੀ ਮਾਰ ਨੇ ਮਾਰ ਛੱਡਿਆ
ਬੱਸ ਹੁਣ ਅੰਤ ਦਾ ਇਕ ਇਕਰਾਰ ਕਰ ਲੈ
ਵਾਰ ਵਾਰ ਦੇ ਵਾਰ ਨਹੀਂ ਠੀਕ ਹੁੰਦੇ
ਜਿੰਨੇ ਵਾਰ ਕਰਨੇ ਈਂ ਇਕੋ ਵਾਰ ਕਰ ਲੈ

ਤੈਨੂੰ ਹੁਸਨ ਮਿਲਿਆ, ਮੈਨੂੰ ਦਿਲ ਮਿਲਿਆ
ਤੇਰਾ ਕੋਲ ਤੇਰੇ, ਮੇਰਾ ਕੋਲ ਤੇਰੇ
ਇਕ ਰੱਬ ਦਿਤਾ, ਇਕ ਮੈਂ ਦਿਤਾ
ਤੇਰੇ ਕੋਲ ਦੋ ਨੇ, ਕੀ ਏ ਕੋਲ ਮੇਰੇ
ਨਾਲੇ ਦਿਲ ਦਿਤਾ, ਨਾਲੇ ਵਾਰ ਸਹੀਏ
ਸਾਡੇ ਜੇਡ ਬੀਬਾ ! ਕੋਈ ਕਰੂ ਜੇਰੇ
ਅਸੀਂ ਪੱਟ ਦਾ ਮਾਸ ਖੁਆਉਣ ਵਾਲੇ
ਸਾਡੇ ਮੌਤ ਝਨਾਂ ਤੋਂ ਪਾਰ ਡੇਰੇ
ਕਰ ਲੈ ਮਾਲਸ਼ਾਂ ਡੌਲਿਆਂ ਵੀਣੀਆਂ ਨੂੰ
ਚਾੜ੍ਹ ਸਾਣ 'ਤੇ ਤੇਜ਼ ਕਟਾਰ ਕਰਲੈ
ਵਾਰ ਵਾਰ ਦੇ ਵਾਰ ਨਹੀਂ ਠੀਕ, ਵਾਰੀ !
ਜਿੰਨੇ ਵਾਰ ਕਰਨੇ ਈਂ ਇਕੋ ਵਾਰ ਕਰ ਲੈ

ਉਹ ਵੀ ਸਮਾਂ ਸੀ ਨਾਂ ! ਹੁਸਨ ਵਾਲਿਆ ਉਇ !
ਸਾਡਾ ਜੀ ਕਹਿਣਾ, ਤੇਰਾ ਸੰਗ ਜਾਣਾ
ਦੂਰ ਜਾਇਕੇ ਹੱਸ ਕੇ ਝਾਤ ਕਰਨੀ
ਕੋਲੋਂ ਮੁਖ ਛੁਪਾਇਕੇ ਲੰਘ ਜਾਣਾ
ਸਮਾਂ ਬਦਲਿਆ, ਬਦਲਿਆ ਨਾਲ ਤੂੰ ਵੀ
ਜਾਣਾ ਜਦੋਂ, ਕਰਦੇ ਦਿਲ ਦੀ ਮੰਗ ਜਾਣਾ

ਹੁਣ ਤਾਂ ਹਾਲ ਇਹ ਹੈ ਸੁਰਖ਼ ਤੇਗ਼ ਤੇਰੀ
ਸਾਡੀ ਛਾਤੀ 'ਤੇ ਡੁਹਲਦੀ ਰੰਗ ਜਾਣਾ

ਜਦੋਂ ਲੰਘਣਾ, ਓਦੋਂ ਈ ਵਾਰ ਕਰਨਾ
ਇਹ ਇਨਸਾਫ਼ ਤਾਂ ਨਹੀਂ ਨਾਂ, ਵਿਚਾਰ ਕਰ ਲੈ
ਵਾਰ ਵਾਰ ਦੇ ਵਾਰ ਨਹੀਂ ਠੀਕ ਚੰਨਾ !
ਜਿੰਨੇ ਵਾਰ ਕਰਨੇ ਈਂ ਇਕੋ ਵਾਰ ਕਰ ਲੈ

ਅਦਲ ਵਾਲਿਆ ! ਮੇਰਾ ਗੁਨਾਹ ਕੋਈ ਨਹੀਂ
ਜੋ ਕੁਝ ਕੀਤਾ ਕਰਾਇਆ, ਤਾਂ ਅੱਖੀਆਂ ਨੇ
ਘਰਾਂ ਵਾਲਿਆਂ ਤਾਈਂ ਬੇ-ਘਰ ਕਰ ਕੇ
ਤੇਰੇ ਦਰ 'ਤੇ ਰੁਲਾਇਆ, ਤਾਂ ਅੱਖੀਆਂ ਨੇ
ਸੱਤਾਂ ਪਰਦਿਆਂ ਵਿਚ ਸੀ ਦਿਲ ਲੁਕਿਆ
ਓਥੋਂ ਲੱਭ ਚੁਰਾਇਆ, ਤਾਂ ਅੱਖੀਆਂ ਨੇ
ਭਾਵੇਂ ਤੇਰੀਆਂ ਨੇ, ਭਾਵੇਂ ਮੇਰੀਆਂ ਨੇ
ਏਸ ਫਾਹੀ ਫਸਾਇਆ, ਤਾਂ ਅੱਖੀਆਂ ਨੇ

'ਸੀਤਲ' ਅੱਖੀਆਂ ਨੇ ਤੇਰੇ ਵੱਸ ਪਾਇਆ
ਤੇਰੇ ਵੱਸ ਏ ਮਾਰ, ਜਾਂ ਪਾਰ ਕਰ ਲੈ
ਵਾਰ ਵਾਰ ਦੇ ਵਾਰ ਨਹੀਂ ਠੀਕ ਅੜਿਆ
ਜਿੰਨੇ ਵਾਰ ਕਰਨੇ ਈਂ ਇਕੋ ਵਾਰ ਕਰ ਲੈ

੨੦-੩-੩੨

ਚਿੱਠੀਆਂ

ਗ਼ਮਾਂ ਦੀਆਂ ਜੁੱਲੀਆਂ ਦੇ ਤੋਪੇ ਬੈਠੀ ਤੋੜਦੀ ਸਾਂ
ਬੰਨ੍ਹ ਉਹਨਾਂ ਘੱਲੀਆਂ ਰੁਮਾਲ ਵਿਚ ਚਿੱਠੀਆਂ

ਰੁੜ੍ਹੀ ਜਾਂਦੀ ਜਾਨ ਸੀ ਨਿਰਾਸਤਾ ਦੇ ਵਹਿਣ ਵਿਚ
ਆਣ ਬਾਂਹ ਫੜੀ ਮੰਦੇ ਹਾਲ ਵਿਚ ਚਿੱਠੀਆਂ

ਸੀਨੇ ਨਾਲ ਲੱਗੀਆਂ, ਤਾਂ ਠੰਢ ਪਈ ਦਿਲ ਵਿਚ
ਮਿਲ ਗਈਆਂ 'ਸੀਤਲ' ਹੁਨਾਲ ਵਿਚ ਚਿੱਠੀਆਂ

ਅੱਗ ਮੇਰੇ ਕਾਲਜੇ ਦੀ ਉਹ ਵੀ ਝੱਲ ਸੱਕੀਆਂ ਨਾਂ
ਭਿੱਜ ਗਈਆਂ ਲਹੂ ਦੇ ਉਬਾਲ ਵਿਚ ਚਿੱਠੀਆਂ

ਹਿੱਕ ਦੇ ਨਿਵਾਣ ਵਿਚ, ਹੰਝੂਆਂ ਦੇ ਢੇਰ ਵਿਚ
ਰੱਖ ਲਈਆਂ ਮੋਤੀਆਂ ਦੇ ਥਾਲ ਵਿਚ ਚਿੱਠੀਆਂ

ਸੋਹਣੀ ਪਿੱਛੇ—ਰੱਬ ਜਾਣੇ—ਕਦੋਂ ਦੀਆਂ ਭੌਂਦੀਆਂ ਸੀ
ਮਹੀਂਵਾਲ ਵਾਂਗ ਮੇਰੀ ਭਾਲ ਵਿਚ ਚਿੱਠੀਆਂ

ਭੱਜ ਭੱਜ ਭੰਨ ਪੈ ਗਏ, ਭੰਨਾਂ ਵਿਚੋਂ ਪਾਟ ਪਈਆਂ
ਮੇਰੇ ਕੋਲ ਆਈਆਂ ਮੰਦੇ ਹਾਲ ਵਿਚ ਚਿੱਠੀਆਂ

ਰੱਖੀਆਂ ਸੰਭਾਲ ਕੇ ਨਾ ਚਿੱਠੀਆਂ ਪੁਚਾਉਣਿਆਂ ਨੇ
ਰਹੀਆਂ ਕਿਸੇ ਕੇਹੇ ਦੀ ਸੰਭਾਲ ਵਿਚ ਚਿੱਠੀਆਂ

ਆਉਂਦੀਆਂ ਨੇ ਗਲੇ ਲੱਗ ਹੰਝੂਆਂ ਦੀ ਝੜੀ ਲਾਈ
ਘਟਾਂ ਜਿਉਂ ਆ ਗਈਆਂ ਉਛਾਲ ਵਿਚ ਚਿੱਠੀਆਂ

ਸੜੀ ਹਿੱਕ ਠਾਰਨੇ ਨੂੰ ਮਿਹਰਾਂ ਦਿਆਂ ਬੱਦਲਾਂ 'ਚੋਂ
ਮੀਂਹ ਵਾਂਗ ਵੱਸ ਪਈਆਂ ਕਾਲ ਵਿਚ ਚਿੱਠੀਆਂ

ਇਕ ਇਕ ਅੱਖਰ ਸੀ ਹੰਝੂਆਂ ਤੋਂ ਵਿਕ ਰਿਹਾ
ਪ੍ਰੇਮੀ ਵਣਜਾਰੇ ਤੇ ਦਲਾਲ ਵਿਚ ਚਿੱਠੀਆਂ

ਅੱਡੋ ਅੱਡ ਟੇਪੇ ਪਏ ਕਲਮ ਦੇ ਸੀ ਦੱਸ ਰਹੇ
ਲਿਖੀਆਂ ਲਿਖਾਰੀ ਜਿਸ ਹਾਲ ਵਿਚ ਚਿੱਠੀਆਂ

ਚੁੰਮ ਲਾਂ ਲਿਖਾਰੀ ਦੇ ਮੈਂ ਹੱਥ, ਜਿਸ ਲਿਖੀਆਂ ਨੇ
ਐਡੇ ਉਚੇ ਆਣ ਕੇ ਖ਼ਿਆਲ ਵਿਚ ਚਿੱਠੀਆਂ

ਖੁਹਲ ਕੇ ਜਾਂ ਬੈਠੀ ਦਿਲ ਚੰਨ ਜੀ ਦਾ ਵਾਚਣੇ ਨੂੰ
ਰੁਹੜ ਦਿਤਾ ਦੁਖਾਂ ਦੇ ਉਛਾਲ ਵਿਚ ਚਿੱਠੀਆਂ

ਲਾਲ ਜੀ ਦੇ ਦਿਲ 'ਚੋਂ ਨਿਹੋਰਿਆਂ ਦੀ ਨਹਿਰ ਚੱਲੀ
ਮੈਨੂੰ ਰੁਹੜ ਲੈ ਗਈਆਂ ਨਕਾਲ ਵਿਚ ਚਿੱਠੀਆਂ

'ਸੀਤਲ' ਪਿਆਰੇ ਬਿਨਾਂ ਕੌਣ ਸਾਨੂੰ ਯਾਦ ਕਰੇ ?
ਓਸ ਦੀਆਂ ਓਸੇ ਦੇ ਰੁਮਾਲ ਵਿਚ ਚਿੱਠੀਆਂ

੭-੭-੩੧ ਈ.

ਨਿਆਰਾ ਦਿਲ

ਅੱਖੀਂ ਪਿੱਛੇ ਲੱਗ ਕੇ ਗੁਆ ਲਿਆ ਏ ਚਾਣ-ਚੱਕ
ਲਭਣਾ ਏਂ ਕਿੱਥੋਂ ਮੈਨੂੰ ਐਹੋ ਜਿਹਾ ਪਿਆਰਾ ਦਿਲ
ਵਿਧਵਾ ਦੇ ਬਾਲ ਵਾਂਗ ਲਾਡਾਂ ਨਾਲ ਪਾਲਿਆ ਸੀ
ਹੈਸੀ ਇਕੋ ਇਕ ਮੇਰੀ ਉਮਰ ਦਾ ਸਹਾਰਾ ਦਿਲ
ਪਹਿਲਾਂ ਸੀ ਪਿਆਰ, ਜਿਉਂ ਕੁਆਰੀਆਂ ਸਹੇਲੀਆਂ ਦਾ
ਵੱਡਾ ਹੋ ਕੇ ਮੈਨੂੰ ਪਿੱਛਾ ਦੇ ਗਿਆ ਨਕਾਰਾ ਦਿਲ
ਕੀ ਦੱਸਾਂ ? ਪੈਂਦੀ ਰਾਤੇ ਖ਼ੁਸ਼ੀ ਦੇ ਅਕਾਸ਼ ਵਿਚੋਂ
ਚੜ੍ਹਦੇ 'ਚ ਹੀ ਟੁੱਟ ਗਿਆ ਬੋਦੀ ਵਾਲਾ ਤਾਰਾ ਦਿਲ
ਆਉਣ ਵਾਲੇ ਦੁੱਖਾਂ ਦਿਆਂ ਬੱਦਲਾਂ ਦੀ ਧਾੜ ਵੇਖ
ਸੁੰਞੀ ਕਾਲੀ ਰਾਤ ਛੱਡ, ਕਰ ਗਿਆ ਕਨਾਰਾ ਦਿਲ
ਕਾਲੀ ਘਟ ਵਿਚ ਇਕ ਚਮਕਦੀ ਚਮਕ ਵੇਖ
ਬੁਝਾ ਹੋਇਆ ਫੇਰ ਮੇਰਾ ਚਮਕਿਆ ਦੋਬਾਰਾ ਦਿਲ
ਅੱਖ ਦੇ ਪਲਕਾਰੇ ਵਿਚ ਅੱਖੋਂ ਉਹਲੇ ਹੋ ਗਿਆ ਏ
ਕਿਸੇ ਤਿੱਖੀ ਅੱਖ ਵਲੋਂ ਹੁੰਦਿਆਂ ਇਸ਼ਾਰਾ ਦਿਲ
ਕੱਲ੍ਹ ਦੇ ਬਣਾਏ ਯਾਰ ਪਿੱਛੇ ਉੱਠ ਭੱਜ ਗਿਆ
ਮੁੱਦਤਾਂ ਦੀ ਲੱਗੀ ਮੇਰੀ ਤੋੜ ਹੈਂਸਿਆਰਾ ਦਿਲ

ਦਿਲ ਦਾ ਤਾਂ, ਯਾਰੋ ! ਐਵੇਂ ਕੂੜਾ ਮਾਣ ਕਰੀਦਾ ਏ
ਤੋੜ ਨਾ ਨਿਭਾਵੇ, ਹੋਵੇ ਕਿੱਡਾ ਹੀ ਪਿਆਰਾ ਦਿਲ

'ਦਿਲ ਦਿਲ' ਆਹੰਦੇ, ਅਸੀਂ ਮਰਦੇ ਰਹੇ ਉਮਰ ਸਾਰੀ
ਜਾਣ ਲੱਗਾ ਢੀਸ਼ ਵੀ ਨਾ ਮਾਰ ਗਿਆ ਨਕਾਰਾ ਦਿਲ

ਮੈਨੂੰ ਛੱਡ ਗਿਆ, ਅੱਗੋਂ ਓਸ ਨੇ ਵੀ ਝੱਲਿਆ ਨਾ
ਨਿਕਲ ਕੇ ਘਰੋਂ, ਬੱਸ ਹੋ ਗਿਆ ਅਵਾਰਾ ਦਿਲ

ਪੁੱਤਰਾਂ ਭਰਾਵਾਂ ਵਾਂਗ ਇਹਨੂੰ ਸਮਝਾ ਰਿਹਾ ਸਾਂ
ਇਕ ਵੀ ਨਾ ਮੰਨੀਓਂ ਸੂ, ਵਹਿ ਗਿਆ ਬਵਾਰ੍ਹਾ ਦਿਲ

ਮੇਰੇ ਤਾਂ ਇਹ ਭੁੱਲ ਕੇ ਵੀ ਆਖੇ ਕਦੇ ਲਗਦਾ ਨਹੀਂ
ਟੱਟੂ ਵਾਂਗ ਆਵੇ ਅੱਗੋਂ, ਹੋਇਆ ਬੇ-ਮੁਹਾਰਾ ਦਿਲ

ਇੱਕੋ ਗੱਲ ਪਿੱਛੇ ਛਿੰਦੇ ਬਾਲ ਵਾਂਗ ਲੱਗਾ ਰਹਿੰਦਾ
ਰੱਬ ਮੈਨੂੰ ਦਿਤਾ ਕੋਈ ਜੱਗ ਤੋਂ ਨਿਆਰਾ ਦਿਲ

ਜਿੰਨਾ ਚਿਰ ਰਿਹਾ ਮੇਰਾ, ਮੈਨੂੰ ਕਦੇ ਭੁੱਲਿਆ ਨਾ
ਕਈਆਂ ਨਾਲੋਂ ਚੰਗਾ ਊਂਤਾ, ਹੁੰਦਾ ਸੀ ਵਿਚਾਰਾ ਦਿਲ

ਰੱਬ ਜਾਣੇ, ਢਹੇ ਕਿਹੜੇ ਠੱਗ ਦੇ ਇਹ ਚੜ੍ਹ ਗਿਆ
ਉਂਗਲ 'ਤੇ ਲਾ ਕੇ ਲੈ ਗਿਆ ਜੋ ਹੈਂਸਿਆਰਾ, ਦਿਲ

ਭੋਲਾ-ਭਾਲਾ ਵੇਖ ਕਿਸੇ ਸ਼ਖ ਨੇ ਅਟੇਰ ਲਿਆ
ਦੁਨੀਆਂ ਦੇ ਚਾਲੇ ਨਹੀਂ ਸੀ ਜਾਣਦਾ ਵਿਚਾਰਾ ਦਿਲ

ਇਹ ਤਾਂ ਸੀ ਅੰਞਾਣਾ, ਕਿਹੜੀ ਓਸ ਨੇ ਵੀ ਸੋਚ ਕੀਤੀ
ਪੁੱਟ ਦੇਣਾ ਕਿਸੇ ਦਾ—ਦਨਾਈ ਕਿਹੜੀ—ਯਾਰ, ਦਿਲ

ਹੱਛਾ ਮੇਰੇ ਮਰਨ ਪਿੱਛੋਂ, ਰੋਊ ਉਹ ਵੀ ਯਾਦ ਕਰ
ਆਖੂ, 'ਮੈਂ ਚੁਰਾ ਲਿਆ ਸੀ ਕਿਸੇ ਦਾ ਪਿਆਰਾ ਦਿਲ

ਛਿਪੇਗਾ ਛਿਪਾਇਆ ਕਦੇ ਖ਼ੂੰਨ ਨਾ ਬੇਦੋਸਿਆ ਦਾ
ਸਿਵੇ 'ਚੋਂ ਵੀ ਬੋਲ ਪਏਗਾ ਭਖਦਾ ਅੰਗਾਰਾ ਦਿਲ

ਰੱਬ, ਉਹਦੇ ਸਾਮ੍ਹਣੇ, ਜਾਂ ਲਵੇਗਾ ਬਿਆਨ ਮੇਰੇ
ਬੁਝਾ ਹੋਇਆ ਫੇਰ 'ਕੇਰਾਂ ਧੁਖ ਪਊ ਦੋਬਾਰਾ ਦਿਲ

ਓਦੋਂ ਫੇਰ ਸਾਡੀਆਂ ਤੇ ਓਹਦੀਆਂ ਹੋਣਗੀਆਂ
ਸਾਮ੍ਹਣੇ ਉਗਾਹੀ ਜਦੋਂ ਦੇਊ ਦੁੱਖਾਂ-ਮਾਰਾ ਦਿਲ

ਆਖੋ ਸੂ, ਅਜੇ ਵੀ ਹਈ ਵੇਲਾ, ਜ ਸਮਝ ਜਾਏ
ਬੋਟੀ ਏ ਲਹੂ ਦੀ, ਐਡਾ ਕਰੇ ਨਾ ਪਿਆਰਾ ਦਿਲ

ਵਾਸਤੇ ਪ੍ਰਭੂ ਦੇ ਮੇਰੀ ਚੀਜ਼ ਮੈਨੂੰ ਮੋੜ ਦੇਵੇ
ਕਿਸ ਕੰਮ ਉਹਦੇ ਮੇਰਾ ਦੁਖੀ ਦਾ ਨਕਾਰਾ ਦਿਲ

ਇਕ ਨਾਲ ਘਾਟਾ ਨਹੀਂ ਖ਼ਜ਼ਾਨਿਆਂ 'ਚ ਪੈਣ ਲੱਗਾ
ਉਹਦੇ ਅੱਗੇ ਸੁੱਟਦਾ ਪਿਆ ਏ ਜੱਗ ਸਾਰਾ ਦਿਲ

ਬਾਦਸ਼ਾਹ ਹੋ ਕੇ, ਐਡਾ ਰੱਖੇ ਨਾ ਕੰਗਾਲ ਦਿਲ
ਉਹਦੇ ਅੱਗੇ ਤੁੱਛ, ਮੇਰੀ ਉਮਰ ਦਾ ਸਹਾਰਾ ਦਿਲ

ਕਦੇ ਤਾਂ ਕੋਈ ਝੱਟ-ਬਿੰਦ ਚੈਨ ਮੈਨੂੰ ਕਰਨ ਦੇਵੇ
ਤੜਫ ਤੜਫ ਉੱਡਦਾ ਏ ਅੱਗ ਉੱਤੇ ਪਾਰਾ ਦਿਲ

'ਸੀਤਲ' ਕੀ ਸਾਰਿਆਂ ਦੇ ਐਹੋ ਜਹੇ ਹੀ ਹੁੰਦੇ ਨੇ ?
ਜਾਂ ਵੱਖਰਾ ਜਹਾਨੋਂ ਮੈਨੂੰ ਦਿਤਾ ਰੱਬ ਭਾਰਾ ਦਿਲ

੫ ੭-੨੮ ਈ.

ਜ਼ਹਿਰ ਪਿਆਲਾ

ਇਸ਼ਕ ਪਿਜਾਲਾ ਵਿਹੁ ਦਾ, ਵਖੋ
ਆਸ਼ਕ ਪੀਂਦਾ ਗਟ ਗਟ ਗਟ
ਓਧਰ ਪਿਆਰਾ ਤੇਗ਼ ਹੁਸਨ ਦੀ
ਸਾਣ ਚੜ੍ਹਾਵੇ ਝਟ ਝਟ ਝਟ
ਹੱਸੇ, ਖੇਡੇ ਮਾਰੇ ਛਾਲਾਂ
ਤੇਗ਼ ਉਲਾਰੇ ਹਟ ਹਟ ਹਟ
ਆਸ਼ਕ ਦਾ ਦਿਲ ਕੀਮਾਂ ਕਰਦਾ
ਨਾਜ਼ ਛੁਰੀ ਥੀਂ ਕਟ ਕਟ ਕਟ
ਓਸ ਦੀ ਰੱਤ ਦੇ ਵਿਚ ਧੋਵੇ
ਖੱਲ ਓਸੇ ਦੀ ਛਟ ਛਟ ਛਟ
ਆਹ ! ਆਸ਼ਕ ਦੀ ਗਰਦਨ ਕਰੜੀ
ਇਕ ਨਾ ਸਹਿੰਦੀ ਸਟ ਸਟ ਸਟ
'ਸੀਤਲ' ਫੇਰ ਪਿਆਲਾ ਭਰ ਕੇ
ਆਖੇ, ਪੀ ਲੈ ਗਟ ਗਟ ਗਟ

੧-੨-੨੯ ਈ.

ਸੱਸੀ ਦੀ ਕਬਰ ਤੇ

ਕਬਰ ਸੱਸੀ ਦੇ ਕੋਲੇ ਕਹਿੰਦੇ
ਪਰਤ ਪੁੰਨੂੰ ਜਦ ਆਇਆ
ਮਹਿੰਦੀ ਰੰਗੇ ਪੈਰਾਂ ਦਾ
ਉਸ ਰੇਤ ਨਸ਼ਾਨ ਵਿਖਾਇਆ

'ਆਹ ਹਨ ਪੈਰ ਸੱਸੀ ਮੇਰੀ ਦੇ'
ਤੱਕ ਪੁੰਨੂੰ ਕੁਰਲਾਇਆ
'ਸਗਨਾਂ ਦੀ ਮਹਿੰਦੀ ਨੇ ਕਿਉਂ ਪਰ ?
ਸੋਗ ਦਾ ਰੰਗ ਵਟਾਇਆ

'ਹੈਂ ! ਆਹ ਸੱਜਰੀ ਕਬਰ ਥਲਾਂ ਵਿਚ
ਇਹ ਕੀ ਭੇਤ ? ਖ਼ੁਦਾਇਆ
'ਕਿਸ ਸੁੰਦਰੀ ਨੇ ਛਡ ਮਹਿਲਾਂ ਨੂੰ
ਜੰਗਲ ਆਣ ਵਸਾਇਆ ?

'ਵੇਖਾਂ, ਮੇਰੀ ਸੱਸੀ ਹੀ ਤਾਂ
ਨਹੀਂ ਇਹ ਖੇਲ ਰਚਾਇਆ ?
'ਮੈਨੂੰ ਲਭਦੀ ਲਭਦੀ ਥੱਕ ਕੇ
ਏਥੇ ਡੇਰਾ ਲਾਇਆ

ਝੁਕਿਆ ਵਿਚ ਅਦਬ ਦੇ ਆਸ਼ਕ
ਨਾਲ ਕਬਰ ਕੰਨ ਲਾਇਆ
'ਪੁੱਨੂੰ, ਪੁੱਨੂੰ' ਦਾ ਆਵਾਜ਼ਾ
ਮੱਧਮ ਜੇਹਾ ਆਇਆ

ਮਰ ਗਈ "ਪੁੱਨੂੰ ਪੁੱਨੂੰ' ਕਰਦੀ
ਮਰ ਵੀ ਨਹੀਂ ਭੁਲਾਇਆ
ਵੇਖੋ ਇਸ਼ਕ ਸੱਸੀ ਦਾ 'ਸੀਤਲ'
ਸਿਰ ਤੋਂ ਪਰੇ ਨਿਭਾਇਆ

ਉੱਠ ਪੁੱਨੂੰ, ਹੱਥ ਚੁੱਕ ਕੇ ਦੋਵੇਂ
ਆਹ ਦਾ ਨਾਅਰਾ ਲਾਇਆ
ਕਹਿੰਦਾ, "ਓ ਸੱਜਣਾ! ਲੈ ਮੈਂ ਵੀ
ਕੋਲ ਤੇਰੇ ਹੁਣ ਆਇਆ"

ਪਾਟੀ ਕਬਰ ਡਿੱਗਾ ਵਿਚ ਪੁੱਨੂੰ
ਜਿਊਂਦਾ ਗੋਰ ਸਮਾਇਆ
ਆਸ਼ਕ ਆਸ਼ਕ ਮਿਲ ਗਏ 'ਸੀਤਲ'
ਵਸਲ ਸਦਾ ਦਾ ਪਾਇਆ

੬-੭-੨੮

ਦਿਲ ਨੂੰ

ਦਿਲਾ ! ਪਹਿਲਾਂ ਹੀ ਅੱਖਾਂ ਨੂੰ ਵਰਜ ਰੱਖੀਏ
ਤੇ ਜੇ ਲਾ ਬਹੀਏ, ਤਾਂ ਫਿਰ ਡੋਲੀਏ ਨਾ
ਬਣੀਏ ਮਰਦ, ਚੜ੍ਹੀਏ ਸੂਲੀ ਹੱਸ ਹੱਸਲ ਕੇ
ਨਹੀਂ ਤਾਂ ਪਹਿਲਾਂ ਹੀ, ਐਨਲਹੱਕ ਬੋਲੀਏ ਨਾ
ਦਰਦ ਯਾਰ ਦਾ ਦਿਲ 'ਚ ਛੁਪਾ ਰੱਖੀਏ
ਜਣੇ-ਖਣੇ ਅੱਗੇ ਥਾਂ ਥਾਂ ਫੋਲੀਏ ਨਾ
ਨੈਣਾਂ ਵਿਚ ਹੀ ਕਦਰ ਹੈ ਹੰਝੂਆਂ ਦੀ
ਮੋਤੀ ਖ਼ਾਕ ਵਿਚ ਸੁੱਟ ਕੇ ਰੋਲੀਏ ਨਾ

੨੧-੮-੪੨

ਮਜਨੂੰ ਤੇ ਰਬ

ਜੰਗਲ ਦੇ ਵਿਚ ਭੌਂਦਾ ਫਿਰਦਾ
'ਲੇਲੀ, ਲੇਲੀ' ਕਰਦਾ
ਲੇਲੀ ਦਾ ਜੋ ਨਾਮ ਸੁਣਾਵੇ
ਸਿਰ ਕਦਮਾਂ 'ਤੇ ਧਰਦਾ

ਹੱਥ ਵਿਚ ਤਸਬੀ, ਤਿਲਕ ਮੱਥੇ 'ਤੇ
ਨਾ ਪੰਡਤ, ਨਾ ਹਾਜੀ
'ਲੇਲੀ ਹੂ' ਦੀ ਬਾਂਗ ਪੁਕਾਰੇ
'ਲੇਲੀ' ਨਾਮ ਉਚਾਰਦਾ

ਤੱਕ ਉਸ ਇਸ਼ਕ ਦੀਵਾਨੇ ਤਾਈਂ
ਜ਼ਾਹਿਦ ਦਿਲ ਵਿਚ ਸੋਚੇ
'ਪਹਿਰਾਵਾ ਸੂਫ਼ੀ ਦਾ ਜਾਪੇ
ਕੰਮ ਕਰੇ ਕਾਫ਼ਰ ਦਾ'

ਪੁੱਛਣ ਲੱਗਾ, "ਓ ਮਜਨੂੰ !
ਓ ਲੇਲੀ ਦੇ ਦੀਵਾਨੇ !
ਛੱਡ ਖ਼ੁਦਾ ਨੂੰ ਬੁੱਤਾਂ ਅੱਗੇ
ਕਿਉਂ ਤੂੰ ਸਿਜਦੇ ਕਰਦਾ ?"

"ਕੌਣ ਖ਼ੁਦਾ ? ਤੇ ਕਿੱਥੇ ਵਸਦੈ ?"
ਮੋੜ ਕਿਹਾ ਆਸ਼ਕ ਨੇ
"ਮੈਂ ਤਾਂ ਇਕ ਲੇਲੀ ਨੂੰ ਜਾਣਾ
ਭੇਤੀ ਨਹੀਂ ਈਸ਼ੂਰ ਦਾ"

ਜ਼ਾਹਿਦ ਕਿਹਾ, "ਰੱਬ ਹਰ ਜ਼ੱਰਰੇ ਵਿਚ
ਹਰ ਰੰਗ ਦੇ ਵਿਚ ਵਸਦੈ"
"ਲੇਲੀ ਵਿਚ ਵੀ ਵਸਦੈ ?"
"ਹਾਂ, ਸਭ ਨੂਰ ਉਸੇ ਅਨਵਰ ਦਾ"

"ਤਾਂ ਨਾ-ਵਰਜ" ਕਿਹਾ ਮਜਨੂੰ ਨੇ
'ਲੇਲੀ' ਨਾਮ ਜਪਣ ਦੇ
ਮਿਲ ਪਏਗਾ ਰੱਬ ਆਪੇ
ਜਿਸ ਦਿਨ ਮੇਲ ਹੋਊ ਦਿਲਬਰ ਦਾ"

[੯-੪-੩੮

(ਕਲੀ) ਹੀਰ ਤੇ ਰਾਂਝਾ

ਰਾਂਝਾ :—

ਤੱਕ ਕੇ ਬੇਲੇ ਦੇ ਵਿਚ ਕੁੜੀਆਂ ਤੇਰੇ ਹਾਣ ਦੀਆਂ
ਮੇਰੇ ਦਿਲ 'ਤੇ ਹੀਰੇ ! ਚਲਦੀ ਏ ਆਰੀ

ਮੈਨੂੰ ਮੁੜ ਮੁੜ, ਨੱਢੀਏ ! ਸੁਫਨੇ ਆਉਂਦੇ ਚੂਰੀ ਦੇ
ਪਿੰਡੋਂ ਨਿਕਲੇ ਜਾਂ ਕੋਈ ਸਿਰ 'ਤੇ ਲੈ ਫੁਲਕਾਰੀ

ਸੁੰਞੀ ਸੇਜ ਪੱਤਣ 'ਤੇ ਤੱਕ ਕੇ ਭਾਂਬੜ ਬਲਦੇ ਨੇ
ਭਖਦੇ ਦੋਜ਼ਖ ਵਾਂਗੂੰ ਸਾੜੇ ਪਲੰਘ ਨਵਾਰੀ

ਕਿਸਮਤ ਵਾਲਿਆਂ ਲਈ ਅੰਗਿਆਰ ਬਣੇ ਗੁਲਜ਼ਾਰ ਕੁੜੇ !
ਬਲਦੀ ਚਿਖਾ ਅਸਾਂ ਲਈ ਫੁੱਲਾਂ ਭਰੀ ਕਿਆਰੀ

ਦੁਨੀਆਂ ਭਾਣੇ, ਗੋਰੀਏ ! ਰਾਂਝਾ ਅੱਜ ਤੋਂ ਉੱਜੜ ਗਿਆ
ਮੇਰੇ ਭਾਅ ਦੀ ਵੈਰਨੇ ! ਦੁਨੀਆਂ ਉਜੜ ਗਈ ਸਾਰੀ

ਕੋਈ ਨਾ ਜਾਣੇ ਜਿੰਨ੍ਹਾਂ ਨੂੰ, ਖੇੜ ਬਾਜ਼ੀ ਲੈ ਗਏ ਨੇ
ਬੁਰੇ ਨਸੀਬਾਂ ਵਾਲੇ ਆਸ਼ਕ ਜਿੱਤ ਕੇ, ਹਾਰੀ

ਤੂੰ ਵੀ ਹੱਸ ਹੱਸ ਡੋਲੀ ਚੜ੍ਹ ਗਈਓਂ ਸੈਦੇ ਨੀਂਗਰ ਦੀ
ਇਕ ਨਾ ਧਾਹ ਤੁਰਦਿਆਂ ਸਾਡੇ ਨਾਂ ਦੀ ਮਾਰੀ

ਤੇਰੀ ਉਹ ਗੱਲ, ਕਿਧਰੇ ਸਾਈਆਂ, ਕਿਤੇ ਵਧਾਈਆਂ ਨੀ
ਵਾਹਵਾ ਤੋੜ ਨਿਭਾਈਓ ਈ, ਜੱਟੀਏ, ਲਾ ਕੇ ਯਾਰੀ

ਆਸ਼ਕ ਦੇਣ ਦੁਆਈਂ, 'ਮੌਜਾਂ ਮਾਣ ਸੁਹਾਗ ਦੀਆਂ'
ਅੱਲਾਹ ! ਰਹੇ ਸਲਾਮਤ ਸਾਡੀ ਪ੍ਰੀਤ ਕੁਆਰੀ
'ਸੀਤਲ' ਆਸ਼ਕ ਹੋਣਾ, ਹੱਥੀਂ ਦੁੱਖ ਸਹੇੜਨੇ
ਇਕ ਨਾਲ ਲਾਉਣੀ, ਬਾਕੀ, ਛੱਡਣੀ ਦੁਨੀਆਂ ਸਾਰੀ

ਹੀਰ :—

ਰਾਂਝਾ ! ਤੂੰ ਕੀ ਜਾਣੇ ? ਕੀ ਸਾਡੇ ਨਾਲ ਬੀਤਦੀ ?
ਸੜਦੀ ਜ਼ਿੰਦ ਦੋਜ਼ਖ਼ ਵਿਚ, ਸੌ ਸੌ ਤਾਅ ਸਰੀਰ ਨੂੰ
ਆਪਣੇ ਬਣੇ ਬਿਗਾਨੇ, ਨਿਗਦੇ ਦੁਸ਼ਮਣ ਹੋ ਗਏ ਨੇ
ਛਮ ਛਮ ਰੋਵਾਂ ਬੈਠੀ ਮੱਥੇ ਦੀ ਤਕਦੀਰ ਨੂੰ
ਕਢ ਕਢ ਜ਼ਖ਼ਮਾਂ 'ਚੋਂ ਮੁੜ ਉਹਨੀਂ ਥਾਂਈਂ ਧਰਦੀ ਆਂ
ਤੇਰੇ ਵਾਂਗੂ ਪਿਆਰਾਂ ਬ੍ਰਿਹੋਂ ਤੇਰੇ ਦੇ ਤੀਰ ਨੂੰ
ਤੇਰਾ ਨਾਂ ਲੈ ਲੈ ਜਾਂ ਮਿਹਣੇ ਮਾਰਨ ਹਾਣ ਦੀਆਂ
ਵੇ ਮੈਂ ਸਮਝਾਂ, ਲੱਖ ਲੱਖ ਮਿਲਨ ਵਧਾਈਆਂ ਹੀਰ ਨੂੰ
ਧੁਰ ਦੀਆਂ ਲੱਗੀਆਂ ਰਾਂਝਾ ! ਤੋੜਿਆਂ ਕਦੇ ਨਾ ਟੁੱਟੀਆਂ ਨੇ
ਤਾਹਨੇ ਤੋੜ ਨਾ ਸਕਦੇ ਪੱਕੀ ਸਿਦਕ ਜ਼ੰਜੀਰ ਨੂੰ
ਸੈਦਾ ਕਾਫ਼ਰ ਤੇ ਦਿਲ ਪਾਕ ਮਸੀਤ ਜਟੇਟੀ ਦਾ
ਕਿੱਥੇ ਅੱਲਾਹ ਦੇ ਘਰ ਦਖ਼ਲ ਸ਼ੈਤਾਨ ਹਕੀਰ ਨੂੰ
ਵੇ ਮੈਂ ਮੋਮਨ ਹੋ ਕੇ ਬੁੱਤ-ਪੂਜਾਂ ਵਿਚ ਰਲ ਗਈ ਆਂ
ਅੱਲਾਹ ਨਹੀਂ ਤਾਂ ਰਾਮ ਬਖ਼ਸ਼ ਲਏਗਾ ਤਕਸੀਰ ਨੂੰ
'ਸੀਤਲ' ਹੀਰ ਪੁਜਾਰਨ, ਦੇਹੀ ਠਾਕਰ ਦੁਆਰਾ ਹੈ
ਪੂਜਾਂ ਦਿਲ ਵਿਚ ਵਸਦੀ ਰਾਂਝਣ ਦੀ ਤਸਵੀਰ ਨੂੰ

੭-੬-੪੩ ਈ.

ਰਾਂਝਾ, ਹੀਰ ਦੀ ਨਜ਼ਰ ਵਿਚ

ਨਿਤ ਉਠ ਬੈਠ ਝਨਾਏਂ ਕੰਢੀ
ਮੈਂ ਰਾਂਝਣ ਰਾਂਝਣ ਕਰਦੀ
ਜਿਸ ਪੱਤਣੇ ਸ਼ਹੁ ਪੈਰ ਛੁਹੇਂਦਾ
ਮੈਂ ਅੰਮ੍ਰਿਤ ਚੁਲੀਆਂ ਭਰਦੀ
ਲਹਿਰਾਂ ਉੱਠ ਝਨਾਂ ਦੀ ਕੰਢੀ
ਜਾਂ ਪੈਰ ਮੇਰੇ ਭੁੱਲ ਛੁਹਵਣ
ਮੈਂ ਆਖਾਂ, ਇਹ ਰਾਂਝਣ ਨਹੀਂ ਜੇ
ਇਹ ਮੈਂ ਰਾਂਝਣ ਦੀ ਬਰਦੀ

ਰਾਂਝਣ ਬਾਝ ਨਹੀਂ ਰੱਬ ਦੂਜਾ
ਮੈਂ ਰਾਂਝਣ ਨੂੰ ਰੱਬ ਜਾਣਾ
ਰਾਂਝਣ ਬਾਝ ਹੋਏ ਰੱਬ ਦੂਜਾ
ਬਿਨ ਰਾਂਝਣ ਕਿਵੇਂ ਪਛਾਣਾ
ਅੱਠੇ ਪਹਿਰ ਰਹਾਂ ਵਿਚ ਸਿਜਦੇ
ਮੈਂ ਆਪਣੇ ਅੱਲਾਹ ਅੱਗੇ
ਤਾਂ ਵੀ ਕਾਫ਼ਰ ਕਾਫ਼ਰ ਮੈਨੂੰ
ਹਾਇ, ਕਹਿੰਦੇ ਲੋਕ ਧਙਾਣਾ

੫-੬-੩੨

ਮਿਰਜ਼ਾ ਸਾਹਿਬਾਂ

ਮਿਰਜ਼ਾ :—

ਛੱਡ ਨੀ ਸਾਹਿਬਾਂ ਕੱਚੀਏ !
ਤੇਰਾ ਇਸ਼ਕ ਮੈਂ ਪਰਖ ਲਿਆ
ਜਿਹੜੇ ਕੀਤੇ ਕੌਲ ਕਰਾਰ ਸੀ
ਅਸਾਂ ਜ਼ਾਮਨ ਰੱਖ ਖ਼ੁਦਾ

ਲਾਈਆਂ ਵਿਚ ਮਸਜਦ ਦੇ ਬੈਠ ਉ
ਨੀ ਤੂੰ ਦਿਤੀਆਂ ਦਿਲੋਂ ਭੁਲਾ
ਨੀ ਤੂੰ ਗਾਨੇ ਬੰਨ੍ਹ ਲਏ ਸਗਨ ਦੇ
ਤੈਨੂੰ ਸੱਜਰੇ ਵਿਆਹ ਦਾ ਚਾਅ

ਰੱਤ ਮਿਰਜ਼ੇ ਦੀ ਵਿਚ ਪਾਪਣੇ
ਨੀ ਤੂੰ ਸਾਲੂ ਰੰਗ ਲਿਆ
ਤੂੰ ਅੱਜ ਚੰਧੜਾਂ ਦੀ ਹੋ ਗਈਓਂ
ਸਾਡਾ ਦਾਅਵਾ ਟੁੱਟ ਗਿਆ

ਅਣਪੁੱਜੀਆਂ ਸੱਧਰਾਂ ਰਹਿ ਗਈਆਂ
ਸਾਡੇ ਸੀਨੇ ਵਰਮ ਪਿਆ
ਹਾਇ, ਨਾਲ ਬੇਦਰਦਾਂ ਲਾਇਕੇ
ਮੈਂ ਮਿਰਜ਼ਾ ਭੁਲ ਗਿਆ

ਦੱਸ, ਕਿਸ ਕਿਸ ਖੱਟੀਆਂ ਖੱਟੀਆਂ
ਗਲ ਇਸ਼ਕ ਦੀ ਫਾਹੀ ਪਾ
ਏਸੇ ਇਸ਼ਕ ਦੇ ਮਾਰੇ 'ਸੀਤਲਾ'
ਕੋਈ ਬੈਠੇ ਜਾਨ ਗੁਆ

ਸਾਹਿਬਾਂ :—

ਸਾਹਿਬਾਂ ਕਹਿੰਦੀ ਸੀ ਮਿਰਜ਼ਿਆ !
ਮੈਨੂੰ ਹੋਰ ਨਾ ਤੱਤੀ ਨੂੰ ਤੱਅ
ਵੇ ਤੂੰ ਮਿਹਣੇ ਜਿੰਨ੍ਹਾ ਦੇ ਮਾਰਨੈਂ
ਸਾਡੇ ਲੱਗਦੇ ਵੀਰ ਭਰੱਾ

ਜਿਹੜੇ ਸਾਲੂ ਦੱਸਦੈਂ ਸਗਨ ਦੇ
ਵੇ ਮੈਂ ਜਿਊਂਦੀ ਕਫ਼ਨ ਲਿਆ
ਸ਼ਾਲ੍ਹਾ ! ਦੋਜ਼ਖ਼ ਢੋਈ ਨਾ ਮਿਲੇ
ਜਾਵਾਂ ਦਾਗ ਜੇ ਇਸ਼ਕ ਨੂੰ ਲਾ

ਮੇਰੇ ਦਿਲ ਦੀ ਪਾਕ ਮਸੀਤ ਦਾ
ਇੱਕੋ ਮਿਰਜ਼ਾ ਰਹੂ ਖ਼ੁਦਾ
ਮੈਂ ਬਾਲ ਉਮਰ ਦੀਆਂ ਲੱਗੀਆਂ
ਦੇਊਂ ਸਿਰ ਦੇ ਨਾਲ ਨਿਭਾ

ਮੈਂ ਬੇੜੀ ਚੜ੍ਹੀਆਂ ਪ੍ਰੇਮ ਦੀ
ਵਿਚ ਰਖ ਕੇ ਸਿਦਕ ਮਲਾਹ
ਵੇ ਮੈਂ ਕਲਮਾ ਪੜ੍ਹਿਆ ਹੀਰ ਤੋਂ
ਅਤੇ ਸੋਹਣੀ ਤੋਂ ਸਬਕ ਲਿਆ
ਜਦ ਸਾਹਿਬਾਂ ਫਿਰ ਗਈ ਬਚਨ ਤੋਂ
ਜਾਣੀ ਰਬ ਵੀ ਡੋਲ ਗਿਆ

੧੨-੬-੪੯

ਮਿਰਜ਼ੇ ਦੀ ਕਹਾਣੀ

ਦੋਹਾ

ਜੰਮੀ ਖੀਵੇ ਖ਼ਾਨ ਦੇ, ਸਾਹਿਬਾਂ ਮੰਗਲਵਾਰ
ਚੰਦ ਧਰਤੀ 'ਤੇ ਉਤਰਿਆ, ਧੁੰਮ ਪਈ ਸੰਸਾਰ
ਚੁਣਵੀਂ ਹੂਰ ਬਹਿਸ਼ਤ ਚੋਂ, ਭੇਜੀ ਪਰਵਦਗਾਰ
ਜਾਂ ਸੁਰਗਾਂ ਦੀ ਮੇਣਕਾ, ਫੇਰ ਲਿਆ ਅਵਤਾਰ
ਓਧਲ ਵੰਝਲ ਖਰਲ ਦੇ, ਘਰ ਵਿਚ ਆਈ ਬਹਾਰ
ਪੰਜਵਾਂ ਪੁੱਤਰ ਜੰਮਿਆਂ, ਮਿਰਜ਼ਾ ਸ਼ਾਹ ਅਸਵਾਰ
ਦੂੱਜਾ ਯੂਸਫ ਆਖਦੇ, ਸਾਰੇ ਵੇਖਣਹਾਰ
ਮਿਰਜ਼ਾਂ ਸਾਹਿਬਾਂ ਦੋਸਤੀ, ਧੁਰੋਂ ਲਿਖੀ ਕਰਤਾਰ
ਪੜ੍ਹਦੇ ਵਿਚ ਮਸੀਤ ਦੇ, ਪੜ੍ਹਦਿਆਂ ਪਿਆ ਪਿਆਰ
ਦੋਵੇਂ ਇਕੋ ਹਾਣ ਦੇ, ਇਕੋ ਰੂਪ ਨੁਹਾਰ
ਬਚਪਨ ਬੀਤਿਆ, ਆ ਗਿਆ, ਜੋਬਨ ਠਾਠਾਂ ਮਾਰ
ਬਣ ਗਏ ਨੈਣ ਕਟਾਰੀਆਂ, ਸੇਬ ਬਣੇ ਰੁਖ਼ਸਾਰ
ਦਿਲ ਮਿਲਦੇ ਨਹੀਂ ਸੋਚਦੇ, ਫੁੱਲਾਂ ਦੇ ਨਾਲ ਖ਼ਾਰ
ਜ਼ਾਮਨ ਰਖ ਖ਼ੁਦਾ ਨੂੰ, ਕਰ ਲਏ ਕੌਲ 'ਕਰਾਰ
ਹੀਰੇ ਵਰਗੀਆਂ ਸੂਰਤਾਂ, ਕਰ ਸੀ ਇਸ਼ਕ ਖ਼ੁਆਰ
ਦੁਨੀਆਂ ਕਰੂ ਕਹਾਣੀਆਂ, ਸ਼ਾਇਰ ਲਿਖਣਗੇ ਵਾਰ

ਕਲੀ (ਸਿਆਲਕੋਟੀ)

ਇਕ ਦਿਨ ਬੋਲੀ ਸਾਹਿਬਾਂ ਭਿੱਜੀ ਵਿਚ ਪਿਆਰ ਦੇ
ਪਾ ਕੇ ਗਲ ਮਿਰਜ਼ੇ ਦੇ ਰੇਸ਼ਮ ਵਰਗੀਆਂ ਬਾਂਹੀਂ
ਮੁਲਾਂ ਹੂਰਾਂ ਬਦਲੇ ਹੁਜਰੇ ਤਸਬੀ ਫੇਰਦਾ
ਤੇ ਮੈਂ ਹੂਰ ਤੇਰੇ ਦਰ ਜੱਰਾ ਭਰਦੀ ਆਹੀਂ
ਤੇਰੀ ਹੋ ਗਈ, ਤੈਨੂੰ ਮੰਗ ਲਿਆ ਪੰਜਾਂ ਪੀਰਾਂ ਤੋਂ
ਸਿਦਕ ਵਾਲੀਆਂ ਸਿਰ ਨਾ ਧਰਦੀਆਂ ਦੂਜਾ ਸਾਂਈਂ

ਪੱਕਾ ਇਸ਼ਕ ਕਠੋੜ ਨਾ ਰੱਖੇ ਕੱਚਿਆਂ ਘੜਿਆਂ ਦੀ
ਬਿਨਾਂ ਸਹਾਰੇ ਠਿੱਲੂ ਨੈਂ ਵਗਦੀ ਅਸਗਾਹੀਂ
ਜੀਕਰ ਮਿਟ ਜਾਂਦੇ ਪਰਛਾਂਵੇਂ ਸੂਰਜ ਛਿਪਣ 'ਤੇ
ਤੇਰੇ ਨਾਲ ਮਰੂ, ਜੋ ਜਿਉਂਦੀ ਤੇਰੇ ਸਾਹੀਂ
ਤੈਨੂੰ ਕਸਮ ਹਾਣੀਆਂ ਅੱਲਾਹ ਅਤੇ ਰਸੂਲ ਦੀ
ਜੇ ਹੁਣ ਲਾਈਆਂ ਈਂ ਤਾਂ ਲੱਗੀਆਂ ਤੋੜ ਨਿਭਾਈਂ
ਮਿਰਜ਼ਾ ਕਹਿੰਦਾ, ਸਾਹਿਬਾਂ ਰੱਖ ਭਰੋਸਾ ਇਸ਼ਕ ਤੇ
ਸਿਰ ਦੇ ਦੇਂਦੇ ਪਰ ਨਾ ਫਿਰਦੇ ਮਰਦ ਜ਼ਬਾਨੋਂ
ਮੱਝੀ ਡੁੱਬਣ ਨਦੀਆਂ ਪੁਠੀਆਂ ਵਹਿਣ ਪਹਾੜਾਂ ਨੂੰ
ਸੂਰਜ ਤਾਰੇ ਧਰਤੀ ਡਿੱਗਣ ਟੁੱਟ ਅਸਮਾਨੋਂ
ਜਲਦੀ ਵੇਖ ਸ਼ਮ੍ਹਾਂ ਪਰਵਾਨੇ ਨੱਸਣ ਕੰਡ ਦੇ
ਆਵਣ ਪਰਤ ਭੱਥੇ ਵਿਚ ਨਿਕਲੇ ਤੀਰ ਕਮਾਨੋਂ
ਹਾਰ ਸ਼ਿੰਗਾਰ ਲਗਾ ਕੇ ਹੂਰਾਂ ਆਉਣ ਬਹਿਸ਼ਤ 'ਚੋਂ
ਤੇਰਾ ਮਿਰਸ਼ਾ ਪਰ ਨਾ ਡੋਲੇ ਕਦੇ ਈਮਾਨੋਂ
ਸਿਰ ਦੇ ਨਾਲ ਨਿਭਾ ਦੇਊਂ ਜੱਟੀਏ, ਕਸਮ ਰਸਲ ਦੀ
ਵਾਹਦੇ ਕੀਤੇ ਜਿਹੜੇ ਪੜ੍ਹ ਕੇ ਹਮਦ ਕੁਰਾਨੋਂ
ਮੋੜਾਂ ਮੁੱਖ ਸੱਜਣ ਤੋਂ ਦੋਜ਼ਖ਼ ਢੋਈ ਨਾ ਮਿਲੇ
ਸ਼ਾਲਾ ਏਸੇ ਉਮਰੇ ਮਿਰਜ਼ਾ ਜਾਏ ਜਹਾਨੋਂ

ਸਾਕਾ

ਸਾਹਿਬਾਂ ਪਾਉਂਦੀ ਵਾਸਤੇ, ਸੁਣ ਮਾਂ ਪਿਆਰੀ
ਵਿਚ ਅੰਗਿਆਰਾਂ ਸਾੜ ਨਾ ਮੇਰੀ ਪ੍ਰੀਤ ਕੁਆਰੀ
ਮਿਰਜ਼ੇ ਵਰਗਾ ਮਿਲੂ ਨਾ ਵਿਚ ਦੁਨੀਆਂ ਸਾਰੀ
ਚੰਧੜਾਂ ਦੇ ਘਰ ਵੱਸਣਾ ਦੋਜ਼ਖ਼ ਤੋਂ ਭਾਰੀ
ਜੇ ਨਾ ਮੰਨੀ, ਮਰਾਂਗੀ ਮੈਂ ਮਾਰ ਕਟਾਰੀ
ਮਰ ਕੇ ਵੀ ਰਹੂ ਭਟਕਦੀ ਮੇਰੀ ਰੂਹ ਵਿਚਾਰੀ

ਬੋਲੀ ਮਾਂ ਇਉਂ ਝਿੜਕ ਕੇ, ਕੀ ਮੱਤ ਗਈ ਮਾਰੀ
ਮਿਰਜ਼ੇ ਨਾਲ ਨਾ ਪੁੱਜਦੀ ਇਹ ਸਾਕਾਦਾਰੀ
ਉਧਲੀ ਵੰਝਲ ਨਾਲ ਸੀ ਤੇਰੀ ਭੂਆ ਕੁਆਰੀ
ਤੂੰ ਵੀ ਚਾਹੁੰਦੀ ਰੋਲਣੀ ਪਿਉ ਦੀ ਸਰਦਾਰੀ
ਜਿਸ ਘਰ ਦੀਆਂ ਕੁਆਰੀਆਂ ਲੁਕ ਲਾਵਣ ਯਾਰੀ
ਪਰ੍ਹੇ 'ਚ ਮਿਹਣੇ ਮਾਰਦੀ ਨਿਤ ਦੁਨੀਆਂ ਸਾਰੀ

ਸੁਨੇਹਾ

ਸਾਹਿਬਾਂ :—

ਕਹਿੰਦੀ, ਉਠ ਵੇ ਕਰਮੂੰ ਬਾਹਮਣਾ
ਮੇਰਾ ਸੁਨੇਹਾਂ ਇਕ ਪੁਚਾ
ਜਾ ਕੇ ਆਖੀਂ ਮਿਰਜ਼ੇ ਖ਼ਾਨ ਨੂੰ
ਵੇ ਕਿਉਂ ਬੈਠੋਂ ਦਿਲੋਂ ਭੁਲਾ
ਵੇ ਮੈਂ ਵਾਟਾਂ ਨਿਤ ਉਡੀਕ ਦੀ
ਕੋਠੇ ਚੜ੍ਹ ਚੜ੍ਹ ਤਕਦੀ ਰਾਹ
ਵੇ ਮੈਂ ਤੇਰੀ ਅੱਜ ਦੀ ਰਾਤ ਹਾਂ
ਜੇ ਸੰਝ ਨੂੰ ਪਹੁੰਚੇਂ ਆ
ਕੱਲ੍ਹ ਚੰਧੜ ਚੜ ਕੇ ਆਉਣਗੇ
ਲੈ ਜਾਸਣ ਡੋਲੀ ਪਾ
ਵੇ ਮੈਂ ਤੇਰੀ ਮੰਗ ਹਾਂ ਮਿਰਜ਼ਿਆ
ਸਾਡਾ ਜ਼ਾਮਨ ਪਾਕ ਖ਼ੁਦਾ
ਜਿਉਂਦੇ ਮਰਦ ਨਾ ਮੰਗਾਂ ਛਡਦੇ
ਸਿਰ ਧੜ ਦੀ ਦੇਂਦੇ ਲਾ
ਜੇ ਅੱਜ ਨਾ ਪਹੁੰਚੇਂ ਲਾੜਿਆ
ਮੈਂ ਮਰਸਾਂ ਮਹੁਰਾ ਖਾ
ਮੇਰਾ ਇਸ਼ਕ ਅਮਾਨਤ ਯਾਰ ਦੀ
ਦੇਵੇ ਅੱਲਾਹ ਤੋੜ ਨਿਭਾ

ਆ ਮਿਲ ਸਾਹਿਬਾਂ ਦਿਆ ਹਾਣੀਆਂ
ਬਾਂਹ ਫੜੀ ਦੀ ਪਾਲ ਵਿਖਾ

ਮਿਰਜ਼ਾ :—

ਅੱਗੋਂ ਮਿਰਜ਼ਾ ਕਹਿੰਦਾ, ਪੰਡਤਾ
ਮੇਰੀ ਲੈ ਜਾਹ ਸਲਾਮ ਦੁਆ
ਜਾ ਕੇ ਆਖੀਂ ਸਾਹਿਬਾਂ ਹੂਰ ਨੂੰ
ਨੀ ਨਾ ਜੱਟੀਏ ! ਚਿੱਤ ਡੁਲਾ
ਨੀ ਮੈਂ ਦਿਨ ਛਿਪਦੇ ਨੂੰ ਕੱਲ੍ਹ ਨੂੰ
ਪਹੁੰਚੂੰ ਘਰ ਬੀਬੋ ਦੇ ਆ
ਕਦੇ ਆਸ਼ਕ ਮੁੱਖ ਨਾ ਮੋੜਦੇ
ਜਿਥੇ ਇਕਵਾਰ ਲੈਂਦੇ ਲਾ
ਨੀ ਤੂੰ ਮੇਰੀ ਮੰਗ ਹੈਂ ਸਾਹਿਬਾਂ
ਸਾਡਾ ਲਿਖਿਆ ਸੰਜੋਗ ਖ਼ੁਦਾ
ਨੀ ਮੈਂ ਚੰਧੜ ਤੇਰੇ ਵੇਖ ਲਾਂ
ਗਾਨੇ ਬੰਨ੍ਹ ਕੇ ਰਹੇ ਜੋ ਆ
ਕੋਈ ਬਚ ਕੇ ਗਿਆ ਨਾ ਜੱਟੀਏ
ਹੱਥ ਸ਼ੇਰ ਦੀ ਮੁੱਛ ਨੂੰ ਪਾ
ਮੇਰੀ ਤਿੰਨ ਸੌ ਕਾਨੀ ਸਾਰ ਦੀ
ਦੇਊਂ ਚੰਧੜਾਂ ਵਿਚ ਵਰਤਾ
ਸਭ ਚੁਣ ਚੁਣ ਮਾਰਾਂ ਸੂਰਮੇ
ਕਰ ਦਿਆਂ ਮੈਦਾਨ ਸਫ਼ਾ
ਨੀ ਮੈਂ ਲੈ ਜਾਂ ਸਭ ਦੇ ਵਿਹੰਦਿਆਂ
ਸਾਹਿਬਾਂ ਬੇਲ ਬੱਕੀ ਦੀ ਪਾ ੨੬-੬-੫੨

ਵਾਰ

ਘੂਰੀ ਪਾਇਕੇ ਮੱਥੇ 'ਤੇ ਬੋਲਿਆ
ਦੇ ਕੇ ਮਿਰਜ਼ਾ ਮੁੱਛਾਂ ਨੂੰ ਤਾਅ

ਸਾਹਿਬਾਂ ਜੱਟੀਏ ਵਿਚਾਰਾਂ ਦੀਏ ਕੱਚੀਏ
ਮੈਨੂੰ ਵੀਰਾਂ ਦੇ ਡਰ ਨਾ ਵਿਖਾ
ਮੇਰੇ ਭੱਥੇ ਵਿਚ ਕੈਦ ਨੇ ਕਰੂੰਡੀਏ
ਖੰਭਾਂ ਬਾਝ ਦੇਊਂ ਵੈਰਨੇ ਉਡਾ
ਪਹਿਲੀ ਮਾਰਾਂਗਾ ਮੈਂ ਵੀਰ ਸ਼ਮੀਰ ਦੇ
ਪਾਣ ਦਿਆਂਗਾ ਹੰਕਾਰ ਵਾਲੀ ਲਾਹ
ਦੂਜੀ ਮਾਰਾਂ ਤੇਰੇ ਤਾਹਰ ਖ਼ਾਂ ਜਵਾਨ ਦੇ
ਜੀਹਨੂੰ ਸੱਜਰਾ ਵਿਆਹ ਦਾ ਚੱਾ
ਡੋਲਾ ਲੈਣ ਆਇਆ ਸਾਹਿਬਾਂ ਹੂਰ ਦਾ
ਦੇਊਂ ਦੋਜ਼ਖ਼ ਦੀ ਅੱਗ 'ਚ ਪੁਚਾ
ਜਿਹੜੇ ਚੰਧੜ ਸਿਆਲ ਆਉਂਦੇ ਮੱਛਰੇ
ਦੇਊਂ ਘਰ ਘਰ ਪਿਟਣੇ ਪਾ
ਨਸ਼ਾ ਬੁਰਾ ਹੈ ਹੰਕਾਰ ਦਾ 'ਸੀਤਲਾ'
ਬੰਦਾ ਬੈਠਦਾ ਹੈ ਹੋਸ਼ ਭੁਲਾ

ਆਖ਼ਰੀ ਗਲਵੱਕੜੀ

ਗਲ ਲਗ ਕੇ ਰੋਂਦੀ ਲੋਥ ਦੇ
ਹੇਠਾਂ ਜੰਡ ਦੇ ਸਾਹਿਬਾਂ ਨਾਰ
ਲਾਹ ਸਿਰ ਦਾ ਸਾਲੂ ਪਾੜਿਆ
ਚੂੜਾ ਭੰਨਿਆਂ ਦੁਹੱਥੜਾਂ ਮਾਰ
ਹੱਥੀਂ ਪੁੱਟ ਪੁੱਟ ਸੁਟਦੀ ਮੀਢੀਆਂ
ਜੋ ਰਾਤੀਂ ਤੁਰੀ ਸਵਾਰ
ਕਹਿੰਦੀ, ਛਡ ਕੇ ਤੁਰ ਗਿਓਂ ਹਾਣੀਆਂ
ਤੇਰੇ ਵੇਖ ਲਏ ਕੌਲ ਕਰਾਰ
ਕਦੇ ਦਗ਼ਾਂ ਕਮਾਇਆ ਆਸ਼ਕਾਂ
ਨਹੀਂ ਸੀ ਸੁਣਿਆਂ ਵਿਚ ਸੰਸਾਰ

ਤੂੰ ਓੜਕ ਕੀਤੀ, ਵੈਰੀਆ
ਲਿਆ ਬਦਲਾ ਬਣ ਕੇ ਯਾਰ

ਸੁੰਞੀ ਛੱਡ ਮੁਹਾਣਾ ਤੁਰ ਗਿਆ
ਮੇਰੀ ਬੇੜੀ ਸ਼ਹੁ ਵਿਚਕਾਰ

ਨਾ ਤਾਂ ਪਹੁੰਚੀ ਦਾਨਾਬਾਦ ਮੈਂ
ਤੇ ਨਾ ਰਹੀ ਸਿਆਲਾਂ ਦੇ ਬਾਰ

ਮੇਰੀਆਂ ਮਨ ਦੀਆਂ ਮਨ ਵਿਚ ਰਹਿ ਗਈਆਂ
ਨਾ ਚੜ੍ਹਿਆ ਤੋੜ ਪਿਆਰ

ਨਾ ਤਾਂ ਮੂੰਹ ਜੁਠਾਇਆ ਸੱਸ ਨੇ
ਨਾ ਪੀਤਾ ਪਾਣੀ ਵਾਰ

ਅੱਜ ਨਾ ਮੈਂ ਵਿਚ ਸੁਹਾਗਣਾਂ
ਤੇ ਨਾ ਵਿਚ ਕੁਆਰੀਆਂ ਥਾਂ

× × × ×

ਇਕ ਤੇਰੇ ਬਾਝੋਂ ਮਿਰਜ਼ਿਆ
ਵੇ ਮੈਂ ਦੱਸ ਕਿਧਰ ਨੂੰ ਜਾਂ

ਅੱਗੋਂ ਰੂਹ ਮਿਰਜ਼ੇ ਦੀ ਬੋਲਦੀ
ਕਹਿੰਦੀ, ਸਾਹਿਬਾਂ ਵੈਣ ਨਾ ਪਾ

ਏਥੇ ਆਸ਼ਕ ਅਤੇ ਗ਼ਰੀਬ ਦੇ
ਕਦ ਪੂਰੇ ਹੋਏ ਚਾਅ

ਕੋਈ ਲਿਖੀਆਂ ਮੇਟ ਨਾ ਸਕਦਾ
ਹੋਵੇ ਪੀਰ, ਵਲੀ, ਊਲਿਆ

ਤੈਨੂੰ ਮੋਹ ਵੀਰਾਂ ਦੇ ਮਾਰਿਆ
ਲਿਆ ਸਿਰ ਦਾ ਸੁਹਾਗ ਲੁਟਾ

ਹੱਥੀਂ ਭੰਨ ਕੇ ਮੇਰੀਆਂ ਕਾਨੀਆਂ
ਨੀ, ਤੂੰ ਯਾਰ ਲਿਆ ਮਰਵਾ

ਮੇਰੀ ਲੋਥ 'ਤੇ ਅੱਥਰੂ ਕੇਰ ਕੇ
ਮੇਰੇ ਨਾਂ ਨੂੰ ਲਾਜ ਨਾ ਲਾ
ਕਦ ਸਾਦਕ ਸਿਦਕੋਂ ਡੋਲਦੇ
ਭਾਵੇਂ ਉਲਟ ਵਗਣ ਦਰਿਆ
ਜੇ ਤੇਰੀ ਪਾਕ ਪ੍ਰੀਤ ਹੈ,
ਮੇਰੀ ਰੂਹ ਵਿਚ ਆ ਸਮਾ
ਸਿਰ ਸੁੱਟ ਮਿਰਜ਼ੇ ਦੀ ਹਿੱਕ 'ਤੇ
ਸੌਂ ਗਈ ਸਾਹਿਬਾਂ ਰੱਬ ਧਿਆ
ਜੋੜੀ ਆਸ਼ਕ ਤੇ ਮਾਸ਼ੂਕ ਦੀ,
ਬੈਠੀ ਵਿਚ ਸੁਰਗਾਂ ਦੇ ਜਾ

੧੫-੬-੫੨

ਮੈਨੂੰ ਮਾਣ ਹੈ

ਮਾਣ ਕਿਸੇ ਨੂੰ ਕੀਤੀਆਂ ਨੇਕੀਆਂ 'ਤੇ
ਕੋਈ ਮਸਤ ਕੀਤੇ ਪੁੰਨ ਦਾਨ ਉਤੇ
ਫ਼ਖ਼ਰ ਕਿਸੇ ਨੂੰ ਕੀਤੀ ਤਪੱਸਿਆ ਦਾ
ਫੁੱਲਿਆ ਫਿਰੇ ਕੋਈ ਬ੍ਰਹਮ ਗਿਆਨ ਉਤੇ
ਐਪਰ, ਮੇਰੇ ਭਗਵਾਨ ! ਹੈ ਮਾਣ ਮੈਨੂੰ
ਜੋ ਮੈਂ ਕੀਤੇ ਗੁਨਾਹ ਜਹਾਨ ਉਤੇ
ਕਰਕੇ ਪਾਪ ਮੈਂ ਜੱਗ ਨਿਰਪਾਪ ਕੀਤਾ
ਇਹ ਅਹਿਸਾਨ ਹੈ ਤੇਰੇ ਇਨਸਾਨ ਉਤੇ

ਜੇ ਅਨੂਪ ਹੈਂ ਤੂੰ, ਬੇ-ਮਿਸਾਲ ਮੈਂ ਵੀ
ਮੇਰੇ ਜਿਹਾ ਵੀ ਵਿਚ ਸੰਸਾਰ ਕੋਈ ਨਹੀਂ
ਤੇਰੇ ਜਿਹਾ ਜੇਕਰ ਬਖ਼ਸ਼ਣਹਾਰ ਕੋਈ ਨਹੀਂ
ਮੇਰੇ ਜਿਹਾ ਵੀ ਫਿਰ ਗੁਨਾਂਹਗਾਰ ਕੋਈ ਨਹੀਂ

੧੯-੫-੫੭ ਈ.

ਜੇ ਮੈਂ ਨਾ ਹੁੰਦਾ, ਖ਼ੁਦਾ ਨਾ ਹੁੰਦਾ

ਹੈ ਇਕ 'ਤੇ ਨਿਰਭਰ ਦੂਏ ਦੀ ਹਸਤੀ,
ਜੇ ਇਕ ਨਾ ਹੁੰਦਾ, ਦੂਆ ਨਾ ਹੁੰਦਾ
ਸਥਾਨ ਹਰ ਇਕ ਦਾ ਅਪਨਾ ਅਪਨਾ,
ਨਾ ਖੋਟ ਹੁੰਦਾ, ਖਰਾ ਨਾ ਹੁੰਦਾ
ਜੇ ਮੈਨੂੰ ਕਰਤਾ ਨੇ ਸਾਜਿਆ ਏ,
ਤਾਂ ਮੈਂ ਵੀ ਕੀਤਾ ਏ ਉਸਨੂੰ ਪਰਗਟ
ਮੇਰੀ ਤੇ ਉਸ ਦੀ ਹੈ ਹੋਂਦ ਸਾਂਝੀ
ਜੇ ਮੈਂ ਨਾ ਹੁੰਦਾ, ਖ਼ੁਦਾ ਨਾ ਹੁੰਦਾ
ਉਹ ਪਾਰ ਲਾਊ ਉਸੇ ਦਾ ਬੇੜਾ
ਜੋ ਆਪ ਡੁੱਬਣ ਦਾ ਡਰ ਸਹੇੜੂ
ਉਹ ਕਿਸਦੇ ਦੱਸੋ ਗੁਨਾਂਹ ਬਖ਼ਸ਼ਦਾ
ਜੇ ਕੀਤਾ ਮੈਂ ਕੁਛ ਬੁਰਾ ਨਾ ਹੁੰਦਾ
ਐ ਨੇਕ-ਬਖ਼ਤੋ ! ਤੁਹਾਡੀ ਦੁਨੀਆਂ
ਵਜੂਦ ਵਿਚ ਹੀ ਨਾ ਆਈ ਹੁੰਦੀ
ਜੇ ਪਿਰਥਮੇਂ ਮੈਂ ਗੁਨਾਂਹ ਕਰਕੇ
ਬਹਿਸ਼ਤ ਚੋਂ ਨਿਕਲਿਆ ਨਾ ਹੁੰਦਾ

ਗੁਨਾਂਹ ਮੇਰੇ 'ਤੇ ਆਬਾਦ ਦੁਨੀਆਂ
ਗੁਨਾਂਹ 'ਤੇ ਨਿਰਭਰ ਹੈ ਕੁੱਲ ਇਬਾਦਤ

ਮਨੌਣ ਦੀ ਲੋੜ ਹੀ ਨਾ ਪੈਂਦੀ,
ਜੇ ਮੇਰੇ ਨਾਲ ਉਹ ਖ਼ਫ਼ਾ ਨਾ ਹੁੰਦਾ

ਮੈਂ ਅੰਸ਼ ਉਸਦੀ, ਮੈਂ ਉਸਦਾ ਹਿੱਸਾ
ਮੇਰੇ ਤੇ ਉਸ ਵਿਚ ਨਾ ਫ਼ਰਕ ਸੀ ਕੋਈ

ਜੇ ਆਪ ਹੀ ਮੈਂ ਨਾ ਹੁੰਦਾ ਨੀਂਵਾਂ
ਤਾਂ ਉਸਦਾ ਇਹ ਮਰਤਬਾ ਨਾ ਹੁੰਦਾ

ਜੋ ਉਸਨੂੰ ਭਾਲਣ ਵੀਰਾਨਿਆਂ ਵਿਚ
ਮੈਂ ਵੇਖ ਉਹਨਾਂ ਨੂੰ ਹੱਸ ਛਡਦਾਂ

ਕਿਉਂਕਿ ਰਚਨਾ ਤੋਂ ਰਚਨਹਾਰਾ
ਕਦੇ ਵੀ 'ਸੀਤਲ' ਜੁਦਾ ਨਾ ਹੁੰਦਾ

੧੯-੧੦-੫੩

ਵਸੀਅਤ

ਮਰਦੀ ਵਾਰ ਕਿਹਾ ਸ਼ਾਹ ਕਾਰੂੰ
ਸੁਣ ਐ ਖ਼ਲਕ ਖ਼ੁਦਾਈ
ਨੰਗੇ ਹੱਥ ਕਫ਼ਨ 'ਚੋਂ ਬਾਹਰ
ਰਹਿਣ ਦਿਓ ਜੇ ਭਾਈ
ਖ਼ਾਲੀ ਹੱਥ ਤੱਕੂ ਜੋ ਮੇਰੇ
ਸਮਝ ਲਵੇਗਾ ਆਪੇ
ਜਿਸ ਨੇ ਕਈ ਕਰੋੜਾਂ ਜੋੜੀ
ਨਾਲ ਗਈ ਨਾ ਪਾਈ

੧੦-੮-੩੭

ਮਨਸੂਰ ਤੇ ਸੂਲੀ

ਕਹਿੰਦੇ : ਜਦ ਮਨਸੂਰ ਸ਼ਰਈਆਂ
ਸੂਲੀ ਪਕੜ ਚੜ੍ਹਾਇਆ
ਉਸ ਵੇਲੇ ਆਸ਼ਕ ਦੇ ਚਿਹਰੇ
ਚੜ੍ਹਿਆ ਰੂਪ ਸਵਾਇਆ
ਪੁਛਿਓ ਨੇ: ਇਹ ਕੇਹੀਆਂ ਖ਼ੁਸ਼ੀਆਂ ?
ਸਲੀ 'ਤੇ ਚੜ੍ਹ ਹੱਸੇਂ
ਕਹਿਣ ਲੱਗਾ: ਹੁਣ 'ਸੀਤਲ' ਜੀ
ਮੈਂ ਵਸਲ ਸੱਜਣ ਦਾ ਪਾਇਆ

੨੫-੬-੩੭

ਚੌਬੰਦ (ਰੁਬਾਈਆਂ)

ਜੰਮ ਮਰਾਂ ਤੇ ਮਰ ਮਰ ਜੰਮਾ
ਜੰਮਾ ਤੇ ਮਰ ਜਾਵਾਂ
ਜੇ ਲੱਖ ਜਨਮ ਦੇਵੇ ਰੱਬ ਮੈਨੂੰ
ਤੇਰੀ ਪ੍ਰੀਤ ਕਮਾਵਾਂ
ਸਾਰੀ ਦੁਨੀਆਂ ਦੀ ਬਦਨਾਮੀ
ਝੱਲ ਲਵਾਂ ਮੈਂ ਸਿਰ 'ਤੇ
ਇਕ ਤੇਰੇ ਵੱਲੋਂ ਰਹਿ ਆਵੇ
ਲਖ ਲਖ ਸ਼ੁਕਰ ਮਨਾਵਾਂ

੧-੪-੩੧

ਆਪ ਵੰਜਾਇਆ ਅੱਖੀਆਂ ਪਿੱਛੇ
ਫੇਰ ਵੀ ਟਿਕਣ ਨਾ ਦੇਂਦੀਆਂ ਅੱਖੀਆਂ
ਆਪੇਂ ਜ਼ੋਰੀ ਕਰਨ ਲੜਾਈਆਂ
ਜ਼ਾਲਮ ਅੱਖੀਆਂ ਰਹਿਣ ਨਾ ਰੱਖੀਆਂ
ਜਦ ਤੋਂ ਨਾਲ ਸੱਜਣ ਦੇ ਲੱਗੀਆਂ
ਤਦ ਤੋਂ ਫਿਰ ਇਕ ਮਿੰਟ ਨਾ ਲੱਗੀਆਂ
ਰਾਤੀਂ ਸੇਜੇ ਪਵੇ ਨਾ ਨੀਂਦਰ
ਧੁਖ ਧੁਖ ਉਠਦੀਆਂ ਮੇਰੀਆਂ ਵੱਖੀਆਂ

੬-੧-੩੦

ਸੋਚ ਸਮਝ ਕੇ ਨਿਹੋਂ ਨਾ ਲੱਗਦੇ
ਹੋਵੇ ਆਕਿਲ-ਦਾਨਾ
ਪ੍ਰੇਮ ਦੀ ਉਲਝਨ ਸੁਲਝਨ ਔਖੀ
ਚਲਦਾ ਕੋਈ ਦਾਅ ਨਾ
ਨਿਹੋਂ ਲਗਾਉਣਾ ਮਾਨੋਂ ਹੱਥੀਂ
ਮੁੱਲ ਦੁੱਖਾਂ ਨੂੰ ਲੈਣਾ

ਬਿਰਹੋਂ ਭੱਠੀ ਵਿਚ ਦਿਲ ਭੁੱਜਦਾ
ਹੱਥ ਭਠਿਆਰੇ ਦਾਨਾ

੧-੪-੩੧

ਜਦ ਤੋਂ ਨਾਲ ਗ਼ਰੀਬਾਂ ਉਸਨੇ
ਛੱਡਿਆ ਕੂਣਾ ਸਹਿਨਾ
ਜਾਣਾ ਮੈਂ ਹੀ ਸੁਆਦ ਬ੍ਰਿਹੋਂ ਦਾ
ਜੋ ਨਿਤ ਦਿਲ 'ਤੇ ਸਹਿਨਾ
ਮੈਂ ਕੀ ਸਹਿਨਾ, ਸ਼ਕਤੀ ਸਾਰੀ
ਯਾਦ ਉਸੇ ਦੀ ਦੀ ਹੈ
ਡਾਢੀ ਅਗਨ ਬ੍ਰਿਹੋਂ ਦੀ ਨਹੀਂ ਤਾਂ
ਜਿੰਦੜੀ ਸਕਦੀ ਸਹਿ ਨਾ

੩-੪-੩੧

ਜਾਣ ਲਿਆ! ਬਸ, ਰਹਿ ਗਿਆ ਤੇਰਾ
ਅੱਜ ਤੋਂ ਆਨਾ ਜਾਨਾ
ਜਾਨੀ ! ਜ਼ਾਨ ਤੇਰੀ ਤੋਂ ਜਾਨੀ
ਘੋਲ ਘੁਮਾਈ ਜਾਨਾ
ਦਰਸ਼ਨ ਬਦਲੇ ਦਿਲ ਦੇਣਾ
ਜੇ ਸੌਦਾ ਕਰੇਂ ਸਦਾ ਦਾ
ਜਾਂਦੀ ਜਾਨ, ਜਾਨ ਸੁਨ ਤੇਰਾ
ਮੰਨ ਦੁਹਾਈ ਜਾ ਨਾ

੪-੪-੩੧

ਬਿਰਹੋਂ ਅਗਨ ਲੱਗੀ ਵਿਚ ਸੀਨੇ
ਜਲ ਬਲ ਹੋਇਆ ਕੋਲੇ
ਜਿਸਦੇ ਬਿਰਹੋਂ ਮਾਰ ਮੁਕਾਇਆ
ਉਹ ਨਾ ਆਵੇ ਕੋਲੇ

ਬਿਰਹੋਂ ਕੁੱਠੇ ਕਿਸ ਦੇ ਦਰ 'ਤੇ
ਕਰਨ ਪੁਕਾਰ, ਦੁਹਾਈ
ਪ੍ਰੀਤ ਦੀ ਰੀਤ ਅਨੋਖੀ ਵੇਖੀ
ਸਾਰ ਨਾ ਸਾਡੀ ਕੋ ਲੇ

੭-੪-੩੧

ਜਾਂਦੀ ਜਾਨ ਜੁਦਾਈ ਅੰਦਰ
ਥਲ ਵਿਚ ਮਛਲੀ ਜਲ ਦੀ
ਬਲ ਬਲ ਉਠਣ ਭਾਂਬੜ ਸੀਨੇ
ਜਾਨ ਬਿਰਹੋਂ ਵਿਚ ਜਲਦੀ
ਜਲ ਬਲ ਦਿਲ ਦੀ ਉੱਡੂ ਇਕ ਦਿਨ
ਰਾਖ ਵਰੋਲਾ ਬਣ ਕੇ
ਚਾਹੇਂ ਜਾਨ ਬਚਾਉਣੀ ਮੇਰੀ
ਆ ਮਿਲ, ਸੱਜਣਾ ! ਜਲਦੀ

੫-੧-੩੧

ਇਕ ਦਿਨ ਕਿਹਾ. 'ਬੇਦਰਦਾ ! ਹੁਣ ਤਾਂ
'ਛੱਡ ਦੇ ਜ਼ੁਲਮ ਕਮਾਨਾ'
ਵਿੰਨ੍ਹ ਦਿੱਤੋ ਸੂ ਸੀਨਾ ਮੇਰਾ
ਫੜ ਕੇ ਤੀਰ ਕਮਾਨਾਂ
ਡੁੱਲ੍ਹਦਾ ਖ਼ੂੰਨ ਲਿਆ ਵਿਚ ਕਾਸੇ
ਪੀਣ ਲੱਗਾ ਘੁੱਟ ਭਰ ਕੇ
ਰਿਹਾ ਨਾ ਗਿਆ, ਕਿਹਾ 'ਬੱਸ, ਹੁਣ ਤਾਂ
ਐਨਾ ਕਹਿਰ ਕਮਾ ਨਾ'

੬-੧-੩੧

ਸਾਡਾ ਧਰਮ ਉਹਦੇ ਦਰ ਉੱਤੇ
ਅਪਣਾ ਖ਼ੂੰਨ ਬਹਾਨਾ

ਏਹ ਵੀ ਮਿਲ ਜਾਂਦਾ ਏ ਉਹਨੂੰ
ਚੰਗਾ ਇਕ ਬਹਾਨਾ
ਮਾਰ ਚੁਪਾਤੀ ਕਾਤੀ ਸੀਨੇ
ਕਹਿੰਦਾ, 'ਚੁੱਪ ਕਰ ਵੇਖੀਂ
ਚੀਕਾਂ ਮਾਰ ਸੁਣਾ ਨਾ ਲੋਕਾਂ
ਨੈਣੋਂ ਨੀਰ ਬਹਾ ਨਾ'

੨-੧-੩੧

ਦਿਲ ਦੀ ਘੁੰਡੀ ਦਿਲ ਵਿਚ ਰਖਦਾ
ਸਾਨੂੰ ਭੇਤ ਨਾ ਦੱਸੇ
ਅਸੀਂ ਨਿਮਾਣੇ ਛਮ ਛਮ ਰੋਈਏ
ਦੁਨੀਆਂ ਖਿੜ ਖਿੜ ਹੱਸੇ
ਇਸ ਦੁਨੀਆਂ ਵਿਚ ਰਹਿਣਾ ਸਾਡਾ
'ਸੀਤਲ' ਕਿਉਂ ਕਰ ਹੋਵੇ ?
ਉਡ ਚਲ ਜਿੰਦੜੀ ਓਸ ਦੇਸ ਨੂੰ
ਮਾਹੀਆ ਜਿੱਥੇ ਵੱਸੇ

੧੭-੫-੩੦

ਮੇਰੀਆਂ ਲਾਈਆਂ ਲੱਗੀਆਂ ਨਾ ਸਨ
ਲੱਗੀਆਂ ਜ਼ੋਰੋ-ਜ਼ੋਰੀ
ਉਹ ਵੀ ਆਖੇ, 'ਮੈਂ ਨਾ ਲਾਈਆਂ
ਲਾਈਆਂ ਹੋਸਨ ਹੋਰੀ'
ਨਾ ਮੈਂ ਲਾਈਆਂ, ਨਾ ਉਸ ਲਾਈਆਂ
ਦੋਸ਼ ਕਿਦ੍ਹੇ ਸਿਰ ਦੇਈਏ ?
ਪਰ ਹੁਣ ਉਹ ਅਸਾਡੇ ਵਿਚੋਂ
ਕਰਦੈ ਤੋੜ-ਵਿਛੋੜੀ

੧੮-੫-੩੦

ਆ, ਵੇ ਪ੍ਰੇਮ ਪੱਤਰ ਮਾਹੀਏ ਦੇ
ਤੈਂ ਛਾਤੀ ਨਾਲ ਲਾਵਾਂ
ਤੈਂ ਛਾਤੀ ਨਾਲ ਲਾਵਾਂ, ਅੜਿਆ !
ਦਿਲ ਦੀ ਅੱਗ ਬੁਝਾਵਾਂ
ਮੇਰੇ ਦਿਲ ਵਿਚ ਕੇਈ ਆਵਣ
ਮਾਹੀਏ ਦੇ ਦਿਲ ਕੀ ਏ ?
ਪੜ੍ਹ ਤੈਨੂੰ ਧਰਵਾਸ ਹੋਵੇ ਕੁਛ
ਦਿਲ ਦੇ ਭਰਮ ਮਿਟਾਵਾਂ

੧੧-੫-੩੦

ਵੇ ਚੰਦਾ ! ਮੇਰੇ ਚੰਦ ਨਾਲੋਂ
ਕੀ ਵਾਧਾ ਵਿਚ ਤੇਰੇ
ਚੰਦ ਜਾਣ ਕੇ ਤੈਂ ਵੱਲ ਤੱਕਾਂ
ਨੈਣ ਨਾ ਮੰਨਦੇ ਮੇਰੇ
ਮਿਲਿਆ ਹੁਸਨ, ਨਾ ਇਕ ਰਸ ਮਿਲਿਆ
ਇਹ ਥੁੜ ਤੈਂ ਵਿਚ ਭਾਰੀ
ਵਧਣ ਘਟਣ ਵਿਚ ਨਿਤ ਰਹਿੰਦਾ ਏਂ
ਜਾਨ ਪਈ ਵਿਚ ਘੇਰੇ

੨੦-੫-੩੦

ਨਹੀਂ ਸੀ ਠੀਕ ਵਿਛੋੜਾ ਪਾਉਣਾ
ਪ੍ਰੀਤ ਲਗਾ ਕੇ ਚਾਈਂ
ਫੇਰ ਮਿਲਣ ਦੀ ਆਸ ਨਾ ਹੁੰਦੀ
ਜਾਂਦੀ ਜਾਨ ਅਜਾਈਂ
ਹੈ ਇਕ ਸ੍ਵਾਦ ਵਿਜੋਗ ਅੰਦਰ ਵੀ
ਨਹੀਂ ਜੋ ਵਿਚ ਵਸਲ ਦੇ
ਹੈ ਮਨਜ਼ੂਰ ਜੁਦਾਈ ਤੇਰੀ
(ਪਰ) ਅਸਲੋਂ ਤੋੜ ਨਾ ਜਾਈਂ ੨-੧-੩੧

ਜੇ ਨਾ ਮਿਲੇਂ, ਮਿਲੇਂ, ਮੁੱਖ ਮੋੜੇਂ
ਸਹਿਕ ਸਹਿਕ ਮਰ ਜਾਵਾਂ
ਜੇ ਹੱਸ ਬੋਲੇਂ ਲਾਲ ! ਇਕੇਰਾਂ
ਜੀਵਨ ਪਦਵੀ ਪਾਵਾਂ
ਪਹਿਲਾ ਸੀਸ ਕਟੇਂ, ਉਸ ਥਾਂਈਂ
ਹੋਰ ਜਿਮਮ 'ਚੋਂ ਨਿਕਲੇ
ਉਹ ਵੀ ਲਾਲ ਪਿਆਰੇ ! ਤੇਰੀ,
ਹੱਸ ਹੱਸ ਭੇਟ ਚੜ੍ਹਾਵਾਂ

੧੦-੪-੩੧

ਤਾਂਘ ਮਿਲਣ ਦੀ ਹਰਦਮ ਰਹਿੰਦੀ
ਕਦ ਵੇਖਾਂ ਮੁਖ ਤੇਰਾ
ਮਾਨ, ਅਰਮਾਨ, ਗਏ ਦੋ ਦਿਲ 'ਚੋਂ
ਡੋਲ ਖਲਾ ਮਨ ਮੇਰਾ
ਯਾਦ ਤੇਰੀ ਨਿੰਮ੍ਹੋਂ ਜੇਹੀ ਫ਼ੋਟੋ
ਨੈਣਾਂ ਦੇ ਵਿਚ ਵਸਦੀ
ਭੁੱਲੀਆਂ ਗਲੀਆਂ ਵੱਲ ਕਦੇ ਤਾਂ
ਪਾ, ਸੱਜਣਾ ! ਹੁਣ ਫੇਰਾ

੨੧-੪-੩੧

ਵਰਜੋ, ਨੀ ! ਕੋਈ ਵਰਜੋ ਅੜੀਓ !
ਤੁਰ ਚਲਿਆ ਜੇ ਲੜ ਕੇ
ਗਲ ਪੱਲਾ ਪਾ ਕਰਾਂ ਜੋਦੜੀ
ਚਰਨ ਸੱਜਣ ਦੇ ਫੜ ਕੇ
ਬਲਦੇ ਹੰਝੂ ਵਹਿਣ ਤਤੀ ਦੇ
ਜਿਉਂ ਅੰਗਿਆਰੇ ਸੜ ਕੇ
ਲੱਗੀ ਬੁਝਾਵਣ ਖ਼ਾਤਰ ਰੋਵਾਂ
ਉਲਟਾ ਭਾਂਬੜ ਭੜਕੇ

੫-੩-੪੯

ਮੈਂ ਮੰਗਤਾ ਇਕ ਦਾ
ਤੂੰ ਦਾਤਾ ਕੁੱਲ ਦਾ
ਤੂੰ ਯੂਸਫ਼ ਸੋਹਣਾ
ਮੈਨੂੰ ਮਿਸਰ ਨਾ ਭੁੱਲਦਾ
ਕਿਉਂ ਪੱਲੜੇ ਚੜ੍ਹ ਕੇ
(ਮੇਰੇ) ਹੰਝੂਆਂ ਦੇ ਤੁਲਦਾ
ਲੱਖ ਸਿੱਪ ਨਿਕੰਮੀ
ਪਰ ਮੋਤੀ ਮੁੱਲ ਦਾ

੯-੪-੪੮

ਸਮਾਪਤ